रजिस्ट्री सं. : डी-221

Price : Rs. 4-00
REGISTERED NO. D-221
ਰਜਿਸਟਰੀ ਨੰ: ਡੀ-221

सत्यमेव जयते

# भारत का राजपत्र
# The Gazette of India
# ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ
भाग XIV-अनुभाग-1
PART-XIV-SECTION-1
ਭਾਗ-XIV-ਅਨੁਭਾਗ-1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

| | | | | | | |
|---|---|---|---|---|---|---|
| स0 2] | नई दिल्ली, | मंगलवार, | 6 अक्तूबर, | 2020/14 आश्वन, 1942 | (शक) | [खण्ड-XVI] |
| NO. 2] | NEW DELHI, | Tuesday, | 6 October, | 2020/14 ASVINA, 1942 | (SAKA) | [VOL-XVI] |
| ਨੰ: 2] | ਨਵੀਂ ਦਿੱਲੀ, | ਮੰਗਲਵਾਰ, | 6 ਅਕਤੂਬਰ, | 2020/14 ਅੱਸੂ, 1942 | (ਸ਼ਕ) | [ਜਿਲਦ-XVI] |


## MINISTRY OF LAW AND JUSTICE
## (LEGISLATIVE DEPARTMENT)

NEW DELHI, TUESDAY, OCTOBER 6, 2020/ 14 ASVINA, 1942 (SAKA)

The translation in Punjabi of (1) The Gram Nyayalayas Act, 2008, (2) The Land Ports Authority of India Act, 2010 and (3) The National Food Security Act, 2013 are hereby published under the authority of the President and shall be deemed to be the authoritative text thereof in Punjabi under clause (a) of Section 2 of the Authoritative Texts (Central Laws) Act, 1973 (50 of 1973).

## ਕਾਨੂੰਨ ਅਤੇ ਨਿਆਂ ਮੰਤ੍ਰਾਲਾ
## (ਵਿਧਾਨ ਵਿਭਾਗ)

ਨਵੀਂ ਦਿੱਲੀ, ਮੰਗਲਵਾਰ, 6 ਅਕਤੂਬਰ, 2020/14 ਅੱਸੂ, 1942 (ਸ਼ਕ)

(1) ਗ੍ਰਾਮ ਨਿਆਂਲੇ ਐਕਟ, 2008 (2) ਭਾਰਤੀ ਜ਼ਮੀਨੀ ਬੰਦਰਗਾਹ ਅਥਾਰਟੀ ਐਕਟ, 2010 ਅਤੇ (3) ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਦਾ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ੳ) ਅਧੀਨ ਉਸ ਦਾ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ।

# ਗ੍ਰਾਮ ਨਿਆਂਲੇ ਐਕਟ, 2008

## (2009 ਦਾ ਐਕਟ ਨੰ: 4)

[7 ਜਨਵਰੀ, 2009]

ਨਾਗਰਿਕਾਂ ਨੂੰ ਉਨ੍ਹਾਂ ਦੀਆਂ ਦਹਿਲੀਜਾਂ ਤੱਕ ਇਨਸਾਫ਼ ਦੀ ਪਹੁੰਚ ਮੁਹੱਈਆ ਕਰਵਾਉਣ ਦੇ ਪ੍ਰਯੋਜਨਾਂ ਦੇ ਲਈ ਹੇਠਲੇ ਪੱਧਰ ਤੇ ਗ੍ਰਾਮ ਨਿਆਂਲਿਆ ਦੀ ਸਥਾਪਨਾ ਅਤੇ ਇਹ ਸੁਨਿਸਚਿਤ ਕਰਨ ਦੇ ਲਈ ਕਿ ਕਿਸੇ ਨਾਗਰਿਕ ਨੂੰ ਸਮਾਜਕ, ਆਰਥਕ ਜਾਂ ਹੋਰ ਅਯੋਗਤਾਵਾਂ ਦੇ ਕਾਰਨ ਇਨਸਾਫ਼ ਪ੍ਰਾਪਤ ਕਰਨ ਦੇ ਮੌਕਿਆਂ ਤੋਂ ਇਨਕਾਰ ਤਾਂ ਨਹੀਂ ਕੀਤਾ ਜਾਂਦਾ ਹੈ, ਅਤੇ ਉਨ੍ਹਾਂ ਨਾਲ ਸੰਬੰਧਤ ਜਾਂ ਉਨ੍ਹਾਂ ਦੇ ਅਨੁਸੰਗਕ ਮਾਮਲਿਆਂ ਦਾ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਉਣਾਹਠਵੇਂ ਸਾਲ ਵਿੱਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

## ਅਧਿਆਏ I

## ਪ੍ਰਾਰੰਭਕ

ਸੰਖੇਪ ਨਾਂ ਵਿਸਤਾਰ ਅਤੇ ਅਰੰਭ।

1. (1) ਇਸ ਐਕਟ ਨੂੰ ਗ੍ਰਾਮ ਨਿਆਂਲੇ ਐਕਟ, 2008 ਕਿਹਾ ਜਾ ਸਕੇਗਾ।

(2) ਇਸ ਦਾ ਵਿਸਤਾਰ, ਜੰਮੂ ਅਤੇ ਕਸ਼ਮੀਰ ਰਾਜ, ਨਾਗਾਲੈਂਡ ਰਾਜ, ਅਰੁਣਾਂਚਲ ਪ੍ਰਦੇਸ਼ ਰਾਜ, ਸਿਕਮ ਰਾਜ ਅਤੇ ਕਬਾਇਲੀ ਖੇਤਰ ਦੇ ਸਿਵਾਏ, ਸਾਰੇ ਭਾਰਤ ਤੇ ਹੋਵੇਗਾ।

ਵਿਆਖਿਆ.-ਇਸ ਉਪ-ਧਾਰਾ ਵਿੱਚ, ਪਦ "ਕਬਾਇਲੀ ਖੇਤਰਾਂ" ਦਾ ਮਤਲਬ ਹੈ, ਸੰਵਿਧਾਨ ਦੀ ਛੇਵੀਂ ਅਨੁਸੂਚੀ ਦੇ ਪਹਿਰਾ 20 ਦੇ ਹੇਠਲੇ ਟੇਬਲ ਦੇ, ਭਾਗ I, II, II ੳ ਅਤੇ III ਵਿੱਚ ਕ੍ਰਮਵਾਰ ਅਸਾਮ ਰਾਜ, ਮੇਘਾਲਯ ਰਾਜ, ਤ੍ਰਿਪੁਰਾ ਰਾਜ ਅਤੇ ਮੀਜ਼ੋਰਮ ਰਾਜ ਦੇ ਅੰਦਰ, ਉਲਿੱਖਤ ਖੇਤਰ।

(3) ਇਹ ਉਸ ਤਰੀਕ ਨੂੰ ਨਾਫ਼ਜ਼ ਹੋਵੇਗਾ, ਜੋ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਦੁਆਰਾ, ਨਿਯਤ ਕਰੇ ਅਤੇ ਵੱਖ ਵੱਖ ਰਾਜਾਂ ਲਈ ਵੱਖ ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਣਗੀਆਂ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,--

(ੳ) "ਗ੍ਰਾਮ ਨਿਆਂਲਿਆ" ਦਾ ਮਤਲਬ ਹੈ, ਧਾਰਾ 3 ਦੀ ਉਪ-ਧਾਰਾ (1) ਅਧੀਨ ਸਥਾਪਤ ਅਦਾਲਤ;

(ਅ) "ਗ੍ਰਾਮ ਪੰਚਾਇਤ" ਦਾ ਮਤਲਬ ਹੈ, ਸੰਵਿਧਾਨ ਦੇ ਅਨੁਛੇਦ 243ਅ ਅਧੀਨ ਪਿੰਡ ਪੱਧਰ ਤੇ,

ਪੇਂਡੂ ਖੇਤਰ ਲਈ ਗਠਤ ਸਵੈ-ਸ਼ਾਸ਼ਨ ਦੀ (ਭਾਵੇਂ ਉਸਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ) ਕੋਈ ਸੰਸਥਾ;

(ੲ) "ਹਾਈ ਕੋਰਟ" ਦਾ ਮਤਲਬ ਹੈ,-

(i) ਕਿਸੇ ਰਾਜ ਦੇ ਸੰਬੰਧ ਵਿੱਚ ਉਸ ਰਾਜ ਦੀ ਹਾਈ ਕੋਰਟ;

(ii) ਉਸ ਸੰਘ ਰਾਜਖੇਤਰ ਦੇ ਸੰਬੰਧ ਵਿੱਚ, ਜਿਸ ਦੇ ਲਈ ਕਿਸੇ ਰਾਜ ਦੀ ਹਾਈ ਕੋਰਟ ਦੀ ਅਧਿਕਾਰਤਾ ਦਾ ਕਾਨੂੰਨ ਦੁਆਰਾ ਵਿਸਤਾਰ ਕੀਤਾ ਗਿਆ ਹੈ, ਉਹ ਹਾਈ ਕੋਰਟ;

(iii) ਕਿਸੇ ਹੋਰ ਸੰਘ ਰਾਜਖੇਤਰ ਦੇ ਸਬੰਧ ਵਿੱਚ ਉਸ ਰਾਜਖੇਤਰ ਦੇ ਲਈ ਭਾਰਤ ਦੀ ਸਰਵਉੱਚ ਅਦਾਲਤ ਤੋਂ ਬਿਨਾਂ ਉਸ ਰਾਜਖੇਤਰ ਲਈ ਫੌਜ਼ਦਾਰੀ ਅਪੀਲ ਦੀ ਉੱਚਤਮ ਅਦਾਲਤ;

(ਸ) "ਅਧਿਸੂਚਨਾ" ਦਾ ਮਤਲਬ ਹੈ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਅਤੇ ਪਦ "ਅਧਿਸੂਚਿਤ" ਦਾ ਉਸ ਅਨੁਸਾਰ ਅਰਥ ਕੱਢਿਆ ਜਾਵੇਗਾ;

(ਹ) "ਨਿਆਂ-ਅਧਿਕਾਰੀ" ਦਾ ਮਤਲਬ ਹੈ,

ਧਾਰਾ 5 ਅਧੀਨ ਨਿਯੁਕਤ ਗ੍ਰਾਮ ਨਿਆਂਲਿਆ ਦਾ ਪ੍ਰਧਾਨਗੀ ਅਫ਼ਸਰ;

(ਕ) "ਮੱਧਵਰਤੀ ਪੱਧਰ ਤੇ ਪੰਚਾਇਤ" ਦਾ ਮਤਲਬ ਹੈ, ਸੰਵਿਧਾਨ ਦੇ ਭਾਗ IX ਦੇ ਉਪਬੰਧਾਂ ਦੇ ਅਨੁਸਾਰ ਪੇਂਡੂ ਖੇਤਰਾਂ ਲਈ ਸੰਵਿਧਾਨ ਦੇ ਅਨੁਛੇਦ 243ਅ ਦੇ ਅਧੀਨ ਮੱਧਵਰਤੀ ਪੱਧਰ ਤੇ ਗਠਤ ਸਵੈ-ਸ਼ਾਸ਼ਨ ਦੀ (ਭਾਵੇਂ ਉਸ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ) ਕੋਈ ਸੰਸਥਾ;

(ਖ) "ਮੁਕੱਰਰ" ਦਾ ਮਤਲਬ ਹੈ, ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਗ) "ਅਨੁਸੂਚੀ" ਦਾ ਮਤਲਬ ਹੈ, ਇਸ ਐਕਟ ਨਾਲ ਨੱਥੀ ਅਨੁਸੂਚੀ;

(ਘ) ਰਾਜ ਸਰਕਾਰ ਦੇ ਸਬੰਧ ਵਿੱਚ "ਰਾਜ ਸਰਕਾਰ" ਦਾ ਮਤਲਬ ਹੈ, ਸੰਵਿਧਾਨ ਦੇ ਅਨੁਛੇਦ 239 ਅਧੀਨ ਨਿਯੁਕਤ ਉਸ ਦਾ ਪ੍ਰਸ਼ਾਸ਼ਕ;

(ਙ) ਉਨ੍ਹਾਂ ਸ਼ਬਦਾਂ ਅਤੇ ਪਦਾਂ ਦੇ, ਜੋ ਇਸ ਵਿੱਚ ਵਰਤੇ ਹਨ ਅਤੇ ਪਰਿਭਾਸ਼ਤ ਨਹੀਂ ਹਨ ਪਰ ਜ਼ਾਬਤਾ
1908 ਦਾ 5 ਦੀਵਾਨੀ ਸੰਘਤਾ, 1908 ਜਾਂ ਜ਼ਾਬਤਾ ਫੌਜ਼ਦਾਰੀ ਸੰਘਤਾ,

1974 ਦਾ 2

1973, ਵਿੱਚ ਪਰਿਭਾਸ਼ਤ ਹਨ, ਕ੍ਰਮਵਾਰ ਉਹੀ ਅਰਥ ਹੋਣਗੇ, ਜੋ ਉਨ੍ਹਾਂ ਸੰਘਤਾਵਾਂ ਵਿੱਚ ਹਨ।

## ਅਧਿਆਏ II

## ਗ੍ਰਾਮ ਨਿਆਂਲਿਆ

ਗ੍ਰਾਮ ਨਿਆਂਲਿਆ ਦੀ ਸਥਾਪਨਾ।

3. (1) ਰਾਜ ਸਰਕਾਰ ਇਸ ਐਕਟ ਦੁਆਰਾ ਗ੍ਰਾਮ ਨਿਆਂਲਿਆ ਨੂੰ ਪ੍ਰਦਾਨ ਕੀਤੀ ਅਧਿਕਾਰਤਾ ਅਤੇ ਸ਼ਕਤੀਆਂ ਦੀ ਵਰਤੋਂ ਕਰਨ ਦੇ ਪ੍ਰਯੋਜਨ ਲਈ, ਹਾਈ ਕੋਰਟ ਨਾਲ ਮਸ਼ਵਰਾ ਕਰਨ ਪਿੱਛੋਂ, ਅਧਿਸੂਚਨਾ ਦੁਆਰਾ, ਜ਼ਿਲ੍ਹੇ ਵਿੱਚ ਮੱਧਵਰਤੀ ਪੱਧਰ ਤੇ ਹਰਿਕ ਪੰਚਾਇਤ ਲਈ ਜਾਂ ਮੱਧਵਰਤੀ ਪੱਧਰ ਤੇ ਨੇੜਲੀਆਂ ਪੰਚਾਇਤਾਂ ਦੇ ਸਮੂਹ ਲਈ ਜਾਂ ਜਿੱਥੇ ਕਿਤੇ ਕਿਸੇ ਰਾਜ ਵਿੱਚ ਮੱਧਵਰਤੀ ਪੱਧਰ ਤੇ ਕੋਈ ਪੰਚਾਇਤ ਨਹੀਂ ਹੈ, ਉੱਥੇ ਨੇੜਲੀਆਂ ਗ੍ਰਾਮ ਪ੍ਰਚਾਇਤਾਂ ਦੇ ਸਮੂਹ ਲਈ ਇਕ ਜਾਂ ਵੱਧ ਗ੍ਰਾਮ ਨਿਆਂਲੇ ਸਥਾਪਤ ਕਰ ਸਕੇਗੀ।

(2) ਰਾਜ ਸਰਕਾਰ, ਹਾਈ ਕੋਰਟ ਨਾਲ ਮਸ਼ਵਰਾ ਕਰਨ ਪਿੱਛੋਂ, ਅਧਿਸੂਚਨਾ ਦੁਆਰਾ, ਅਜਿਹੇ ਖੇਤਰ ਦੀਆਂ ਸਥਾਨਕ ਸੀਮਾਵਾਂ ਉਲਿੱਖਤ ਕਰੇਗੀ ਜਿਸ ਤੇ ਗ੍ਰਾਮ ਨਿਆਂਲਿਆ ਦੀ ਅਧਿਕਾਰਤਾ ਦਾ ਵਿਸਤਾਰ ਕੀਤਾ ਜਾਵੇਗਾ ਅਤੇ ਕਿਸੇ ਵੀ ਸਮੇਂ, ਅਜਿਹੀਆਂ ਸੀਮਾਵਾਂ ਨੂੰ ਵਧਾ ਸਕੇਗੀ, ਘੱਟ ਕਰ ਸਕੇਗੀ ਜਾਂ ਅਦਲ-ਬਦਲ ਕਰ ਸਕੇਗੀ।

(3) ਉਪ-ਧਾਰਾ (1) ਅਧੀਨ ਸਥਾਪਤ ਗ੍ਰਾਮ ਨਿਆਂਲੇ ਤੱਤ-ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ ਸਥਾਪਤ ਅਦਾਲਤਾਂ ਤੋਂ ਅਤਿਰਿਕਤ ਹੋਣਗੇ।

ਗ੍ਰਾਮ ਨਿਆਂਲਿਆ ਦਾ ਸਦਰ-ਮੁਕਾਮ

4. ਹਰਿਕ ਗ੍ਰਾਮ ਨਿਆਂਲਿਆ ਦਾ ਸਦਰ ਮੁਕਾਮ ਮੱਧਵਰਤੀ ਪੰਚਾਇਤ ਦੇ ਸਦਰ-ਮੁਕਾਮ ਤੇ ਜਿਸ ਵਿੱਚ ਗ੍ਰਾਮ ਨਿਆਂਲਿਆ ਸਥਿੱਤ ਹੈ ਜਾਂ ਅਜਿਹੇ ਹੋਰ ਸਥਾਨ ਤੇ ਸਥਾਪਤ ਹੋਵੇਗਾ ਜੋ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ।

ਨਿਆਂ-ਅਧਿਕਾਰੀ ਦੀ ਨਿਯੁਕਤੀ।

5. ਰਾਜ ਸਰਕਾਰ, ਹਾਈ ਕੋਰਟ ਦੇ ਮਸ਼ਵਰੇ ਨਾਲ, ਹਰਿਕ ਗ੍ਰਾਮ ਨਿਆਂਲਿਆ ਲਈ ਇਕ ਨਿਆਂ-ਅਧਿਕਾਰੀ ਦੀ ਨਿਯੁਕਤੀ ਕਰੇਗੀ।

ਨਿਆਂ-ਅਧਿਕਾਰੀ ਦੀ ਨਿਯੁਕਤੀ ਲਈ ਯੋਗਤਾਵਾਂ।

6. (1) ਕੋਈ ਵਿਅਕਤੀ ਨਿਆਂ-ਅਧਿਕਾਰੀ ਵਜੋਂ ਨਿਯੁਕਤ ਕੀਤੇ ਜਾਣ ਦੇ ਲਈ ਤਦ ਹੀ ਯੋਗ ਹੋਵੇਗਾ ਜੇਕਰ ਉਹ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੇ ਵਜੋਂ ਨਿਯੁਕਤ ਕੀਤੇ ਜਾਣ ਦਾ ਪਾਤਰ ਹੋਵੇ।

(2) ਨਿਆਂ-ਅਧਿਕਾਰੀ ਦੀ ਨਿਯੁਕਤੀ ਕਰਦੇ ਸਮੇਂ, ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ, ਇਸਤਰੀਆਂ ਅਤੇ ਅਜਿਹੇ ਹੋਰ ਵਰਗਾਂ ਜਾਂ ਫ਼ਿਰਕਿਆਂ ਦੇ ਮੈਂਬਰਾਂ ਨੂੰ ਪ੍ਰਤੀਨਿੱਧਤਾ ਦਿੱਤੀ ਜਾਵੇਗੀ ਜੋ ਰਾਜ ਸਰਕਾਰ ਦੁਆਰਾ, ਸਮੇਂ ਸਮੇਂ ਤੇ ਅਧਿਸੂਚਨਾ ਦੁਆਰਾ ਉਲਿੱਖਤ ਕੀਤੀ ਜਾਵੇ।

ਨਿਆਂ-ਅਧਿਕਾਰੀ ਦੀ ਤਨਖ਼ਾਹ, ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ।

7. ਨਿਆਂ-ਅਧਿਕਾਰੀ ਨੂੰ ਅਦਾਇਗੀਯੋਗ ਤਨਖ਼ਾਹ ਅਤੇ ਹੋਰ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਨੂੰ ਲਾਗੂ ਹੋਣ।

ਨਿਆਂ-ਅਧਿਕਾਰੀ ਉਨ੍ਹਾਂ ਕਾਰਵਾਈਆਂ ਦੀ ਪ੍ਰਤੀਨਿੱਧਤਾ ਨਹੀਂ ਕਰੇਗਾ ਜਿਸ ਵਿੱਚ ਉਹ ਹਿੱਤ-ਬੱਧ ਹੈ।

8. ਨਿਆਂ-ਅਧਿਕਾਰੀ ਗ੍ਰਾਮ ਨਿਆਂਲਿਆ ਦੀਆਂ ਕਾਰਵਾਈਆਂ ਦੀ ਪ੍ਰਧਾਨਗੀ ਨਹੀਂ ਕਰੇਗਾ ਜਿਸ ਵਿੱਚ ਉਸ ਦਾ ਕੋਈ ਹਿੱਤ ਹੈ ਜਾਂ ਉਹ ਝਗੜੇ ਦੇ ਵਿਸ਼ੇ-ਵਸਤੂ ਵਿੱਚ ਹੋਰਵੇਂ ਸ਼ਾਮਲ ਹੈ ਜਾਂ ਉਸ ਦੀਆਂ ਅਜਿਹੀਆਂ ਕਾਰਵਾਈਆਂ ਵਿੱਚ ਕਿਸੇ ਧਿਰ ਨਾਲ ਸਬੰਧਤ ਹੈ ਅਤੇ ਅਜਿਹੇ ਮਾਮਲੇ ਵਿੱਚ, ਨਿਆਂ-ਅਧਿਕਾਰੀ ਮਾਮਲੇ ਨੂੰ ਕਿਸੇ ਹੋਰ ਨਿਆਂ-ਅਧਿਕਾਰੀ ਨੂੰ ਬਦਲਣ ਲਈ, ਜਿਹੀ ਕਿ ਸੂਰਤ ਹੋਵੇ, ਜ਼ਿਲ੍ਹਾ ਅਦਾਲਤ ਜਾਂ ਸ਼ੈਸ਼ਨ ਅਦਾਲਤ ਨੂੰ ਭੇਜੇਗਾ।

ਨਿਆਂ-ਅਧਿਕਾਰੀ ਦਾ ਪਿੰਡਾਂ ਵਿੱਚ ਮੋਬਾਇਲ-ਅਦਾਲਤਾਂ ਲਾਉਣਾ ਅਤੇ ਕਾਰਵਾਈਆਂ ਕਰਨਾ।

9. (1) ਨਿਆਂ-ਅਧਿਕਾਰੀ ਆਪਣੀ ਅਧਿਕਾਰਤਾ ਵਿੱਚ ਆਉਂਦੇ ਪਿੰਡਾਂ ਦਾ ਸਮੇਂ ਸਮੇਂ ਤੇ ਦੌਰਾ ਕਰੇਗਾ ਅਤੇ ਅਜਿਹੇ ਕਿਸੇ ਸਥਾਨ ਤੇ ਵਿਚਾਰਣ ਜਾਂ ਕਾਰਵਾਈਆਂ ਕਰੇਗਾ, ਜਿਸ ਨੂੰ ਉਹ ਉਸ ਸਥਾਨ ਦੇ ਐਨ ਨੇੜੇ ਸਮਝਦਾ ਹੈ, ਜਿੱਥੇ ਧਿਰਾਂ ਸਧਾਰਨ ਤੌਰ ਤੇ ਨਿਵਾਸ ਕਰਦੀਆਂ ਹਨ ਜਾਂ ਜਿੱਥੇ ਪੂਰਨ ਜਾਂ ਅੰਸ਼ਕ ਕਾਰਵਾਈ ਦਾ ਕਾਰਨ ਪੈਦਾ ਹੋਇਆਂ ਸੀ :

ਪਰੰਤੂ ਇਹ ਕਿ ਜਿੱਥੇ ਗ੍ਰਾਮ ਨਿਆਂਲਿਆ ਆਪਣੇ ਸਦਰ-ਮੁਕਾਮ ਤੋਂ ਬਾਹਰ ਮੋਬਾਇਲ ਅਦਾਲਤ ਲਾਉਣ ਦਾ ਫ਼ੈਸਲਾ

ਕਰਦਾ ਹੈ, ਉਸ ਤਰੀਕ ਅਤੇ ਸਥਾਨ ਬਾਬਤ, ਜਿੱਥੇ ਉਹ ਮੋਬਾਇਲ ਅਦਾਲਤ ਲਾਉਣ ਦੀ ਤਜਵੀਜ਼ ਕਰਦਾ ਹੈ, ਦਾ ਵਿਆਪਕ ਪਰਚਾਰ ਕਰੇਗਾ।

(2) ਰਾਜ ਸਰਕਾਰ, ਗ੍ਰਾਮ ਨਿਆਂਲਿਆ ਨੂੰ ਸਾਰੀਆਂ ਸਹੂਲਤਾਂ ਦੇਵੇਗੀ ਜਿਸ ਵਿੱਚ ਆਪਣੇ ਸਦਰ-ਮੁਕਾਮ ਤੋਂ ਬਾਹਰ ਵਿਚਾਰਣ ਜਾਂ ਕਾਰਵਾਈਆਂ ਕਰਦੇ ਸਮੇਂ ਨਿਆਂ-ਅਧਿਕਾਰੀ ਦੁਆਰਾ ਮੋਬਾਇਲ ਅਦਾਲਤ ਲਾਉਣ ਲਈ ਵਾਹਨਾਂ ਦੀ ਵਿਵਸਥਾ ਕਰਨਾ ਵੀ ਸ਼ਾਮਲ ਹੈ।

ਗ੍ਰਾਮ ਨਿਆਂਲਿਆ ਦੀ ਮੋਹਰ।

10. ਇਸ ਐਕਟ ਅਧੀਨ ਸਥਾਪਤ ਹਰਿਕ ਗ੍ਰਾਮ ਨਿਆਂਲਿਆ, ਅਦਾਲਤ ਦੀ ਮੋਹਰ ਦੀ ਵਰਤੋਂ ਅਜਿਹੇ ਅਕਾਰ ਅਤੇ ਨਾਪਾਂ ਵਿੱਚ ਕਰੇਗਾ, ਜੋ ਹਾਈ ਕੋਰਟ ਦੁਆਰਾ ਰਾਜ ਸਰਕਾਰ ਦੀ ਪਰਵਾਨਗੀ ਨਾਲ ਮੁਕੱਰਰ ਕੀਤੇ ਜਾਣ।

## ਅਧਿਆਏ III

## ਗ੍ਰਾਮ ਨਿਆਂਲਿਆ ਦੀ ਅਧਿਕਾਰਤਾ, ਸ਼ਕਤੀਆਂ ਅਤੇ ਅਥਾਰਟੀ।

ਗ੍ਰਾਮ ਨਿਆਂਲਿਆ ਦੀ ਅਧਿਕਾਰਤਾ।
1974 ਦਾ 2
1908 ਦਾ 5

11. ਜ਼ਾਬਤਾ ਫੌਜ਼ਦਾਰੀ ਸੰਘਤਾ, 1973 ਜਾਂ ਜ਼ਾਬਤਾ ਦੀਵਾਨੀ ਸੰਘਤਾ, 1908 ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ

ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਗ੍ਰਾਮ ਨਿਆਂਲਿਆ ਦੀਵਾਨੀ ਅਤੇ ਫ਼ੌਜ਼ਦਾਰੀ ਦੋਵੇਂ ਅਧਿਕਾਰਤਾ ਦੀ ਵਰਤੋਂ ਇਸ ਐਕਟ ਦੇ ਅਧੀਨ ਉਪਬੰਧਤ ਤਰੀਕੇ ਵਿੱਚ ਅਤੇ ਸੀਮਾ ਤੱਕ ਕਰਗੇ।

ਫ਼ੌਜ਼ਦਾਰੀ ਅਧਿਕਾਰਤਾ। 1974 ਦਾ 2

12. (1) ਜ਼ਾਬਤਾ ਫ਼ੌਜ਼ਦਾਰੀ ਸੰਘਤਾ, 1973 ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਗ੍ਰਾਮ ਨਿਆਂਲਿਆ ਸ਼ਿਕਾਇਤ ਤੇ ਜਾਂ ਕਿਸੇ ਪੁਲਿਸ ਰਿਪੋਟ ਤੇ ਕਿਸੇ ਅਪਰਾਧ ਦਾ ਸਮਾਇਤ ਅਧਿਕਾਰ ਲੈ ਸਕੇਗਾ, ਅਤੇ --

(ੳ) ਪਹਿਲੀ ਅਨੁਸੂਚੀ ਦੇ ਭਾਗ I ਵਿੱਚ ਉਲਿੱਖਤ ਸਾਰੇ ਅਪਰਾਧ ਦਾ ਵਿਚਾਰਣ ਕਰੇਗਾ; ਅਤੇ

(ਅ) ਉਸ ਅਨੁਸੂਚੀ ਦੇ ਭਾਗ II ਵਿੱਚ ਸ਼ਾਮਲ ਇਨੈਕਟਮੈਂਟਾਂ ਦੇ ਅਧੀਨ, ਉਲਿੱਖਤ ਸਾਰੇ ਅਪਰਾਧਾਂ ਦਾ ਵਿਚਾਰਣ ਕਰੇਗਾ ਅਤੇ ਰਾਹਤ, ਜੇ ਕੋਈ ਹੋਵੇ, ਦੇਵੇਗਾ।

(2) ਉਪ-ਧਾਰਾ (1) ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਗ੍ਰਾਮ ਨਿਆਂਲਿਆ ਉਨ੍ਹਾਂ ਰਾਜ ਐਕਟਾਂ ਅਧੀਨ ਅਜਿਹੇ ਸਾਰੇ ਅਪਰਾਧਾਂ ਦਾ ਵੀ ਵਿਚਾਰਣ ਕਰੇਗਾ ਜਾਂ ਅਜਿਹੀ ਰਾਹਤ ਦੇਵੇਗਾ ਜੋ ਧਾਰਾ 14 ਦੀ ਉਪ-ਧਾਰਾ (3) ਅਧੀਨ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਜਾਣ।

ਦੀਵਾਨੀ ਅਧਿਕਾਰਤਾ। 1908 ਦਾ 5

13. (1) ਜ਼ਾਬਤਾ ਦੀਵਾਨੀ ਸੰਘਤਾ, 1908 ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ

ਹੁੰਦਿਆਂ ਹੋਇਆ ਵੀ, ਅਤੇ ਉਪ-ਧਾਰਾ (2) ਦੇ ਤਾਬੇ ਗ੍ਰਾਮ ਨਿਆਂਲਿਆ ਦੀ ਹੇਠ-ਲਿਖੀ ਅਧਿਕਾਰਤਾ ਹੋਵੇਗੀ,-

(ੳ) ਦੂਜੀ ਅਨੁਸੂਚੀ ਦੇ ਭਾਗ I ਵਿੱਚ ਉਲਿੱਖਤ ਝਗੜਿਆਂ ਦੇ ਵਰਗਾਂ ਅਧੀਨ ਆਉਂਦੇ ਦੀਵਾਨੀ ਪ੍ਰਕਿਰਤੀ ਦੇ ਸਾਰੇ ਦਾਵਿਆਂ ਅਤੇ ਕਾਰਵਾਈਆਂ ਦਾ ਵਿਚਾਰਣ ਕਰਨਾ;

(ਅ) ਉਨ੍ਹਾਂ ਸਾਰੇ ਵਰਗਾਂ ਦੇ ਕਲੇਮਾਂ ਅਤੇ ਝਗੜਿਆਂ ਦਾ ਵਿਚਾਰਣ ਕਰਨਾ, ਜੋ ਧਾਰਾ 14 ਦੀ ਉਪ-ਧਾਰਾ (1) ਅਧੀਨ ਕੇਂਦਰੀ ਸਰਕਾਰ ਦੁਆਰਾ ਅਤੇ ਉਕਤ ਧਾਰਾ ਦੀ ਉਪ-ਧਾਰਾ (3) ਅਧੀਨ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਜਾਣ।

(2) ਗ੍ਰਾਮ ਨਿਆਂਲਿਆ ਦੀਆਂ ਮਾਇਕ ਸੀਮਾਵਾਂ ਅਜਿਹੀਆਂ ਹੋਣਗੀਆਂ ਜੋ ਹਾਈ ਕੋਰਟ ਦੁਆਰਾ, ਰਾਜ ਸਰਕਾਰ ਦੇ ਮਸ਼ਵਰੇ ਨਾਲ ਸਮੇਂ ਸਮੇਂ ਤੇ ਅਧਿਸੂਚਨਾ ਦੁਆਰਾ ਉਲਿੱਖਤ ਕੀਤੀਆਂ ਜਾਣ।

ਅਨੁਸੂਚੀਆਂ ਨੂੰ ਸੋਧਣ ਦੀ ਸ਼ਕਤੀ।

14. (1) ਜਿੱਥੇ ਕੇਂਦਰੀ ਸਰਕਾਰ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਇਸ ਤਰ੍ਹਾਂ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ, ਤਾਂ ਉਹ ਅਧਿਸੂਚਨਾ ਦੁਆਰਾ, ਜਿਹੀ ਕਿ ਸੂਰਤ ਹੋਵੇ, ਪਹਿਲੀ ਅਨੁਸੂਚੀ ਦੇ ਭਾਗ I ਜਾਂ ਭਾਗ II ਜਾਂ ਦੂਜੀ ਅਨੁਸੂਚੀ ਦੇ ਭਾਗ II ਵਿੱਚ, ਕਿਸੇ ਮੱਦ

ਵਿੱਚ ਵਾਧਾ ਜਾਂ ਉਸ ਵਿੱਚੋਂ ਲੋਪ ਕਰ ਸਕੇਗੀ, ਅਤੇ ਉਸ ਨੂੰ ਇਸ ਦੀ ਅਨੁਸਾਰਤਾ ਵਿੱਚ ਸੋਧਿਆ ਗਿਆ ਸਮਝਿਆ ਜਾਵੇਗਾ।

(2) ਉਪ-ਧਾਰਾ (1) ਅਧੀਨ ਜਾਰੀ ਕੀਤੀ ਹਰਿਕ ਅਧਿਸੂਚਨਾ ਸੰਸਦ ਦੇ ਹਰੇਕ ਸਦਨ ਅੱਗੇ ਰੱਖੀ ਜਾਵੇਗੀ।

(3) ਜੇ ਰਾਜ ਸਰਕਾਰ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਇਸ ਤਰ੍ਹਾਂ ਕਰਨਾ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੈ, ਤਾਂ ਇਹ ਹਾਈ ਕੋਰਟ ਦੇ ਮਸ਼ਵਰੇ ਨਾਲ ਅਧਿਸੂਚਨਾ ਦੁਆਰਾ ਪਹਿਲੀ ਅਨੁਸੂਚੀ ਦੇ ਭਾਗ III ਜਾਂ ਦੂਜੀ ਅਨੁਸੂਚੀ ਦੇ ਭਾਗ III ਵਿੱਚ ਕਿਸੇ ਮੱਦ ਵਿੱਚ ਵਾਧਾ ਕਰ ਸਕੇਗੀ ਜਾਂ ਉਸ ਤੋਂ ਕਿਸੇ ਅਜਿਹੀ ਮੱਦ ਨੂੰ ਲੋਪ ਕਰ ਸਕੇਗੀ, ਜਿਸ ਦੇ ਬਾਰੇ ਰਾਜ ਵਿਧਾਨ ਮੰਡਲ ਕਾਨੂੰਨ ਬਣਾਉਣ ਲਈ ਸ਼ਕਤਵਾਨ ਹੈ ਅਤੇ ਇਸ ਤੇ, ਜਿਹੀ ਕਿ ਸੂਰਤ ਹੋਵੇ, ਪਹਿਲੀ ਅਨੁਸੂਚੀ ਜਾਂ ਦੂਜੀ ਅਨੁਸੂਚੀ ਉਸ ਅਨੁਸਾਰਤਾ ਵਿੱਚ ਸੋਧੀ ਗਈ ਸਮਝੀ ਜਾਵੇਗੀ।

(4) ਉਪ-ਧਾਰਾ (3) ਅਧੀਨ ਜਾਰੀ ਕੀਤੀ ਹਰਿਕ ਅਧਿਸੂਚਨਾ ਵਿਧਾਨ ਮੰਡਲ ਅੱਗੇ ਰੱਖੀ ਜਾਵੇਗੀ।

ਮਿਆਦ।
1963 ਦਾ 36

15. (1) ਮਿਆਦ ਐਕਟ, 1963 ਦੇ ਉਪਬੰਧ, ਗ੍ਰਾਮ ਨਿਆਂਲਿਆ ਦੁਆਰਾ ਵਿਚਾਰਣਯੋਗ ਦਾਵਿਆਂ ਨੂੰ ਲਾਗੂ ਹੋਣਗੇ।

1974 ਦਾ 2

(2) ਜ਼ਾਬਤਾ ਫ਼ੌਜ਼ਦਾਰੀ ਸੰਘਤਾ, 1973 ਦੇ ਅਧਿਆਏ XXXVI ਦੇ ਉਪਬੰਧ ਗ੍ਰਾਮ ਨਿਆਂਲਿਆ ਦੁਆਰਾ ਵਿਚਾਰਣ ਯੋਗ ਅਪਰਾਧਾਂ ਦੇ ਬਾਰੇ ਲਾਗੂ ਹੋਣਗੇ।

ਲੰਬਿਤ ਕਾਰਵਾਈਆਂ ਨੂੰ ਬਦਲਣਾ।

16. (1) ਜ਼ਿਲ੍ਹਾ ਅਦਾਲਤ ਜਾਂ ਸ਼ੈਸ਼ਨ ਅਦਾਲਤ, ਜਿਹੀ ਕਿ ਸੂਰਤ ਹੋਵੇ, ਅਜਿਹੀ ਤਰੀਕ ਤੋਂ ਪ੍ਰਭਾਵੀ ਹੋਵੇਗੀ; ਜੋ ਹਾਈ ਕੋਰਟ ਦੁਆਰਾ ਅਧਿਸੂਚਿਤ ਕੀਤੀ ਜਾਵੇ, ਉਸ ਦੀਆਂ ਮਾਤਹਿਤ ਅਦਾਲਤਾਂ ਅੱਗੇ ਲੰਬਿਤ ਸਾਰੇ ਦੀਵਾਨੀ ਜਾਂ ਫੌਜ਼ਦਾਰੀ ਕੇਸ, ਅਜਿਹੇ ਕੇਸਾਂ ਦੇ ਵਿਚਾਰਣ ਜਾਂ ਨਿਬੇੜੇ ਲਈ ਸ਼ਕਤਵਾਨ ਗ੍ਰਾਮ ਨਿਆਂਲਿਆ ਨੂੰ ਬਦਲ ਸਕੇਗੀ।

(2) ਗ੍ਰਾਮ ਨਿਆਂਲਿਆ ਆਪਣੇ ਸਵੈ-ਵਿਵੇਕ ਤੇ, ਕੇਸਾਂ ਨੂੰ ਮੁੜ ਵਿਚਾਰਣ ਜਾਂ ਜਿਹੜੀ ਸਟੇਜ ਤੇ, ਇਸ ਨੂੰ ਬਦਲਿਆ ਗਿਆ ਸੀ, ਉਸ ਤੋਂ ਅੱਗੇ ਕਾਰਵਾਈ ਕਰ ਸਕੇਗੀ।

ਮਨਿਸਟਰੀਅਲ ਅਫ਼ਸਰਾਂ ਦੇ ਕਰਤੱਵ।

17. (1) ਰਾਜ ਸਰਕਾਰ ਗ੍ਰਾਮ ਨਿਆਂਲਿਆ ਨੂੰ ਆਪਣੇ ਕਾਜਕਾਰ ਨਿਭਾਉਣ ਵਿੱਚ ਸਹਾਇਤਾ ਕਰਨ ਦੇ ਲਈ ਲੋੜੀਂਦੇ ਅਫ਼ਸਰਾਂ ਅਤੇ ਹੋਰ ਕਰਮਚਾਰੀਆਂ ਦੀ ਪ੍ਰਕਿਰਤੀ ਅਤੇ ਸ਼੍ਰੇਣੀਆਂ ਤੈਅ ਕਰੇਗੀ ਅਤੇ ਗ੍ਰਾਮ ਨਿਆਂਲਿਆ ਨੂੰ ਅਜਿਹੇ ਅਫ਼ਸਰ ਅਤੇ ਹੋਰ ਕਰਮਚਾਰੀ ਜੋ ਉਹ ਠੀਕ ਸਮਝੇ ਦਾ ਉਪਬੰਧ ਕਰੇਗੀ।

(2) ਗ੍ਰਾਮ ਨਿਆਂਲਿਆ ਦੇ ਅਫ਼ਸਰਾਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਤਨਖ਼ਾਹਾਂ ਅਤੇ ਭੱਤੇ ਅਤੇ ਉਨਾਂ ਦੀਆਂ ਸੇਵਾ ਦੀਆਂ ਹੋਰ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

(3) ਗ੍ਰਾਮ ਨਿਆਂਲਿਆ ਦੇ ਅਫ਼ਸਰ ਅਤੇ ਹੋਰ ਕਰਮਚਾਰੀ ਅਜਿਹੇ ਕਰੱਤਵਾਂ ਦੀ ਪਾਲਣਾ ਕਰਨਗੇ, ਜੋ ਨਿਆਂ-ਅਧਿਕਾਰੀ ਦੁਆਰਾ ਉਨ੍ਹਾਂ ਨੂੰ ਸਮੇਂ ਸਮੇਂ ਤੇ ਸੌਂਪੇ ਜਾਣ।

## ਅਧਿਆਏ IV

## ਫ਼ੌਜਦਾਰੀ ਕੇਸਾਂ ਵਿੱਚ ਜ਼ਾਬਤਾ

ਫ਼ੌਜਦਾਰੀ ਵਿਚਾਰਣ ਵਿੱਚ ਐਕਟ ਦਾ ਪਰਮ-ਪ੍ਰਭਾਵੀ ਹੋਣਾ।
1974 ਦਾ 2

18. ਇਸ ਐਕਟ ਦੇ ਉਪਬੰਧ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਜਾਂ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ, ਪਰ ਇਸ ਐਕਟ ਵਿੱਚ ਸਪੱਸ਼ਟ ਤੌਰ ਤੇ ਜਿਵੇਂ ਉਪਬੰਧਤ ਹੈ ਉਸ ਨੂੰ ਛੱਡ ਕੇ, ਸੰਘਤਾ ਦੇ ਉਪਬੰਧ, ਜਿੱਥੇ ਤੱਕ ਉਹ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਹੀਂ ਹਨ, ਗ੍ਰਾਮ ਨਿਆਂਲਿਆ ਅੱਗੇ ਕਾਰਵਾਈਆਂ ਨੂੰ ਲਾਗੂ ਹੋਣਗੇ; ਅਤੇ ਸੰਘਤਾ ਦੇ ਉਕਤ ਉਪਬੰਧਾਂ ਦੇ ਪ੍ਰਯੋਜਨ ਲਈ, ਗ੍ਰਾਮ ਨਿਆਂਲਿਆ ਨੂੰ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੀ ਅਦਾਲਤ ਸਮਝਿਆ ਜਾਵੇਗਾ।

ਗ੍ਰਾਮ ਨਿਆਂਲਿਆ ਦੁਆਰਾ ਸਰਸਰੀ ਵਿਚਾਰਣ ਜ਼ਾਬਤੇ ਦਾ ਅਪਣਾਉਣਾ।
1974 ਦਾ 2

19. (1) ਜ਼ਾਬਤਾ ਫ਼ੌਜ਼ਦਾਰੀ ਸੰਘਤਾ, 1973 ਦੀ ਧਾਰਾ 260 ਦੀ ਉਪ-ਧਾਰਾ (1) ਵਿੱਚ ਜਾਂ ਧਾਰਾ 262 ਦੀ ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਗ੍ਰਾਮ ਨਿਆਂਲਿਆ ਉਕਤ ਸੰਘਤਾ ਦੇ ਅਧਿਆਏ XXI ਵਿੱਚ ਉਲਿੱਖਤ ਜ਼ਾਬਤੇ ਦੀ ਅਨੁਸਾਰਤਾ ਵਿੱਚ ਸੰਖੇਪ ਰੂਪ ਵਿੱਚ ਸਰਸਰੀ ਤਰੀਕੇ ਨਾਲ ਅਪਰਾਧਾਂ ਦਾ ਵਿਚਾਰਣ ਕਰੇਗਾ ਅਤੇ ਉਕਤ ਸੰਘਤਾ ਦੀ ਧਾਰਾ 262 ਦੀ ਉਪ-ਧਾਰਾ (1) ਅਤੇ ਧਾਰਾ 263 ਤੋਂ ਧਾਰਾ 265 ਦੇ ਉਪਬੰਧ ਜਿੱਥੇ ਤੱਥ ਹੋ ਸਕੇ, ਅਜਿਹੇ ਵਿਚਾਰਣ ਨੂੰ ਲਾਗੂ ਹੋਣਗੇ।

(2) ਜਦ, ਸਰਸਰੀ ਵਿਚਾਰਣ ਦੇ ਅਨੁਕ੍ਰਮ ਵਿੱਚ, ਨਿਆਂ-ਅਧਿਕਾਰੀ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਕੇਸ ਦੀ ਪ੍ਰਕਿਰਤੀ ਅਜਿਹੀ ਹੈ ਕਿ ਇਸ ਦਾ ਸਰਸਰੀ ਵਿਚਾਰਣ ਅਣ-ਇੱਛਤ ਹੈ ਤਾਂ ਨਿਆਂ-ਅਧਿਕਾਰੀ ਕਿਸੇ ਵੀ ਗਵਾਹ ਨੂੰ ਮੁੜ ਬੁਲਾਏਗਾ, ਜਿਸ ਦਾ ਬਿਆਨ ਹੋ ਚੁੱਕਿਆ ਹੋਵੇ ਅਤੇ ਜ਼ਾਬਤਾ ਫ਼ੌਜ਼ਦਾਰੀ ਸੰਘਤਾ, 1973 ਅਧੀਨ ਉਪਬੰਧਤ ਤਰੀਕੇ ਵਿੱਚ ਕੇਸ ਦੀ ਮੁੜ ਸੁਣਵਾਈ ਦੀ ਕਾਰਵਾਈ ਕਰ ਸਕੇਗਾ।
1974 ਦਾ 2

ਗ੍ਰਾਮ ਨਿਆਂਲਿਆ ਅੱਗੇ ਸੌਦੇ ਲਈ ਦਲੀਲ।
1974 ਦਾ 2

20. ਅਪਰਾਧ ਦਾ ਦੋਸ਼ੀ ਵਿਅਕਤੀ ਗ੍ਰਾਮ ਨਿਆਂਲਿਆ ਜਿਸ ਵਿੱਚ ਅਜਿਹੇ ਅਪਰਾਧ ਦਾ ਵਿਚਾਰਣ ਲੰਬਿਤ ਹੈ ਸੌਦੇ ਲਈ ਦਲੀਲ ਦੇਣ ਲਈ ਦਰਖ਼ਾਸਤ ਦਾਇਰ ਕਰ ਸਕੇਗਾ ਅਤੇ ਗ੍ਰਾਮ ਨਿਆਂਲਿਆ ਜ਼ਾਬਤਾ ਫ਼ੌਜ਼ਦਾਰੀ ਸੰਘਤਾ, 1973 ਦੇ ਅਧਿਆਏ

XXIਓ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਕੇਸ ਦਾ ਨਿਬੇੜਾ ਕਰੇਗਾ।

ਗ੍ਰਾਮ ਨਿਆਂਲਿਆ ਵਿੱਚ ਕੇਸਾਂ ਦਾ ਸੰਚਾਲਣ ਅਤੇ ਧਿਰਾਂ ਨੂੰ ਕਾਨੂੰਨੀ ਸਹਾਇਤਾ। 1974 ਦਾ 2

21. (1) ਸਰਕਾਰ ਦੇ ਵੱਲੋਂ ਗ੍ਰਾਮ ਨਿਆਂਲਿਆ ਵਿੱਚ ਫ਼ੌਜ਼ਦਾਰੀ ਕੇਸਾਂ ਦੇ ਸੰਚਾਲਣ ਦੇ ਪ੍ਰਯੋਜਨ ਲਈ ਜ਼ਾਬਤਾ ਫ਼ੌਜ਼ਦਾਰੀ ਸੰਘਤਾ, 1973 ਦੀ ਧਾਰਾ 25 ਦੇ ਉਪਬੰਧ ਲਾਗੂ ਹੋਣਗੇ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਗ੍ਰਾਮ ਨਿਆਂਲਿਆ ਅੱਗੇ ਫ਼ੌਜ਼ਦਾਰੀ ਕਾਰਵਾਈਆਂ ਵਿੱਚ ਸ਼ਿਕਾਇਤ ਕਰਤਾ ਦੀ ਪ੍ਰਾਸੀਕਿਊਸ਼ਨ ਦੇ ਕੇਸ ਨੂੰ ਪੇਸ਼ ਕਰਨ ਦੇ ਲਈ ਗ੍ਰਾਮ ਨਿਆਂਲਿਆ ਦੀ ਇਜਾਜ਼ਤ ਨਾਲ ਆਪਣੇ ਖ਼ਰਚੇ ਤੇ ਆਪਣੀ ਮਰਜ਼ੀ ਦੇ ਵਕੀਲ ਨੂੰ ਕੇਸ ਤੇ ਲਗਾ ਸਕੇਗਾ।

1987 ਦਾ 39

(3) ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਦੀ ਧਾਰਾ 6 ਅਧੀਨ ਗਠਤ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਵਕੀਲਾਂ ਦਾ ਪੈਨਲ ਤਿਆਰ ਕਰੇਗੀ ਅਤੇ ਉਨ੍ਹਾਂ ਵਿੱਚੋਂ ਘੱਟੋ ਘੱਟ ਦੋ ਨੂੰ ਹਰੇਕ ਗ੍ਰਾਮ ਨਿਆਂਲਿਆ ਨਾਲ ਲਗਾਏਗੀ, ਤਾਂ ਜੋ ਗ੍ਰਾਮ ਨਿਆਂਲਿਆ ਦੁਆਰਾ ਉਨ੍ਹਾਂ ਸੇਵਾਵਾਂ ਉਸ ਮੁਲਜ਼ਮ ਨੂੰ ਜੋ ਵਕੀਲ ਕਰਨ ਵਿੱਚ ਅਸਮਰਥ ਹੈ, ਨੂੰ ਮੁਹੱਈਆਂ ਕਰਵਾਈਆਂ ਜਾ ਸਕਣ।

ਫ਼ੈਸਲੇ ਦਾ ਸੁਣਾਇਆ ਜਾਣਾ।

22. (1) ਹਰਿਕ ਵਿਚਾਰਣ ਦਾ ਫ਼ੈਸਲਾ, ਨਿਆਂ-ਅਧਿਕਾਰੀ ਵਿਚਾਰਣ ਦੇ ਸਮਾਪਤ ਹੋਣ ਤੇ ਤੁਰੰਤ ਪਿੱਛੋਂ ਜਾਂ ਪੰਦਰਾਂ ਦਿਨਾਂ ਤੋਂ ਨਾ

ਵੱਧ ਅਜਿਹੇ ਕਿਸੇ ਬਾਅਦ ਦੇ ਸਮੇਂ ਤੇ, ਜਿਸ ਦਾ ਨੋਟਿਸ ਧਿਰਾਂ ਨੂੰ ਦਿੱਤਾ ਜਾਵੇਗਾ, ਖੁੱਲੀ ਅਦਾਲਤ ਵਿੱਚ ਸੁਣਾਇਆ ਜਾਵੇਗਾ।

(2) ਗ੍ਰਾਮ ਨਿਆਂਲਿਆ ਆਪਣੇ ਫ਼ੈਸਲੇ ਦੀ ਇਕ ਨਕਲ ਦੋਹਾਂ ਧਿਰਾਂ ਨੂੰ ਤੁਰੰਤ ਮੁਫ਼ਤ ਦੇਵੇਗਾ।

## ਅਧਿਆਏ V

## ਦੀਵਾਨੀ ਕੇਸਾਂ ਵਿੱਚ ਜ਼ਾਬਤਾ

ਦੀਵਾਨੀ ਕਾਰਵਾਈਆਂ ਵਿੱਚ ਐਕਟ ਦਾ ਪਰਮ-ਪ੍ਰਭਾਵੀ ਹੋਣਾ। 1908 ਦਾ 5

23. ਇਸ ਐਕਟ ਦੇ ਉਪਬੰਧ ਜ਼ਾਬਤਾ ਦੀਵਾਨੀ ਸੰਘਤਾ, 1908 ਜਾਂ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ, ਪਰ ਇਸ ਐਕਟ ਵਿੱਚ ਜਿਵੇਂ ਸਪੱਸ਼ਟ ਤੌਰ ਤੇ ਉਪਬੰਧਤ ਹੈ, ਨੂੰ ਛੱਡ ਕੇ, ਸੰਘਤਾ ਦੇ ਉਪਬੰਧ, ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਹੀਂ ਹਨ, ਗ੍ਰਾਮ ਨਿਆਂਲਿਆ ਅੱਗੇ ਕਾਰਵਾਈਆਂ ਨੂੰ ਲਾਗੂ ਹੋਣਗੇ; ਅਤੇ ਸੰਘਤਾ ਦੇ ਉਕਤ ਉਪਬੰਧਾਂ ਦੇ ਪ੍ਰਯੋਜਨ ਲਈ ਗ੍ਰਾਮ ਨਿਆਂਲਿਆ ਨੂੰ ਦੀਵਾਨੀ ਅਦਾਲਤ ਹੋਣਾ, ਸਮਝਿਆ ਜਾਵੇਗਾ।

ਦੀਵਾਨੀ ਝਗੜਿਆਂ ਵਿੱਚ ਵਿਸ਼ੇਸ਼ ਜ਼ਾਬਤਾ।

24. (1) ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਇਸ ਐਕਟ ਅਧੀਨ ਹਰਿਕ ਦਾਵਾ, ਕਲੇਮ ਜਾਂ ਝਗੜਾ ਗ੍ਰਾਮ ਨਿਆਂਲਿਆ ਵਿੱਚ ਅਜਿਹੇ ਰੂਪ ਵਿੱਚ, ਅਜਿਹੇ ਤਰੀਕੇ ਨਾਲ ਅਤੇ ਇਕ ਸੌ ਰੁਪਏ ਤੋਂ ਨਾ ਵੱਧ ਦੀ ਅਜਿਹੀ ਫ਼ੀਸ ਨਾਲ, ਜੋ ਹਾਈ ਕੋਰਟ ਦੁਆਰਾ, ਸਮੇਂ ਸਮੇਂ ਤੇ ਰਾਜ

ਸਰਕਾਰ ਦੇ ਮਸ਼ਵਰੇ ਨਾਲ ਮੁਕੱਰਰ ਕੀਤੀ ਜਾਵੇ, ਦਰਖ਼ਾਸਤ ਦੇਣ ਨਾਲ ਦਾਇਰ ਕੀਤਾ ਜਾਵੇਗਾ।

(2) ਜਿੱਥੇ ਕੋਈ ਦਾਵਾ, ਕਲੇਮ ਜਾਂ ਝਗੜਾ ਠੀਕ ਤੌਰ ਤੇ ਦਾਇਰ ਕੀਤਾ ਗਿਆ ਹੈ, ਉਥੇ ਗ੍ਰਾਮ ਨਿਆਂਲਿਆ ਦੁਆਰਾ ਉਪ-ਧਾਰਾ (1) ਦੇ ਅਧੀਨ ਦਿੱਤੀ ਦਰਖ਼ਾਸਤ ਦੀ ਕਾਪੀ ਦੇ ਨਾਲ ਵਿਰੋਧੀ ਧਿਰ ਨੂੰ ਅਜਿਹੀ ਤਰੀਕ ਤੱਕ ਜੋ ਸੰਮਨਾ ਵਿੱਚ ਉਲਿੱਖਤ ਕੀਤੀ ਜਾਵੇ, ਹਾਜ਼ਰ ਹੋਣ ਅਤੇ ਦਾਵੇ ਦਾ ਉੱਤਰ ਦੇਣ ਦੇ ਲਈ ਸੰਮਨ ਜਾਰੀ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਤਾਮੀਲ ਅਜਿਹੇ ਤਰੀਕੇ ਵਿੱਚ ਕੀਤੀ ਜਾਵੇਗੀ ਜਿਵੇਂ ਹਾਈ ਕੋਰਟ ਦੁਆਰਾ ਮੁਕੱਰਰ ਕੀਤੀ ਜਾਵੇ।

(3) ਵਿਰੋਧੀ ਧਿਰ ਦੁਆਰਾ ਆਪਣਾ ਜਵਾਬ ਦਾਵਾ ਫ਼ਾਈਲ ਕਰਨ ਪਿੱਛੋਂ, ਗ੍ਰਾਮ ਨਿਆਂਲਿਆ ਸੁਣਵਾਈ ਲਈ ਤਰੀਕ ਨਿਯਤ ਕਰੇਗਾ ਅਤੇ ਸਾਰੀਆਂ ਧਿਰਾਂ ਨੂੰ ਖ਼ੁਦ ਜਾਂ ਆਪਣੇ ਵਕੀਲਾਂ ਰਾਹੀਂ ਹਾਜ਼ਰ ਹੋਣ ਲਈ ਸੂਚਿਤ ਕਰੇਗਾ।

(4) ਸੁਣਵਾਈ ਲਈ ਨਿਯਤ ਤਰੀਕ ਤੇ ਗ੍ਰਾਮ ਨਿਆਂਲਿਆ ਦੋਹਾਂ ਧਿਰਾਂ ਨੂੰ ਉਨ੍ਹਾਂ ਦੇ ਨਾਲ ਸਬੰਧਤ ਆਪੋ-ਆਪਣੇ ਵਿਵਾਦ ਦੇ ਪੱਖਾਂ ਬਾਬਤ ਸੁਣੇਗਾ ਅਤੇ ਜਿੱਥੇ ਝਗੜੇ ਦੀ ਕੋਈ ਸ਼ਹਾਦਤ ਰਿਕਾਰਡ ਕਰਨੀ ਲੋੜੀਂਦੀ ਨਹੀਂ ਹੈ, ਉਥੇ ਫ਼ੈਸਲਾ ਸੁਣਾਏਗਾ; ਅਤੇ ਅਜਿਹੇ ਕੇਸ ਵਿੱਚ ਜਿੱਥੇ ਸ਼ਹਾਦਤ ਰਿਕਾਰਡ ਕਰਨੀ ਲੋੜੀਂਦੀ ਹੈ, ਉਥੇ ਗ੍ਰਾਮ ਨਿਆਂਲਿਆ ਅੱਗੇ ਕਾਰਵਾਈ ਕਰੇਗਾ।

(5) ਗ੍ਰਾਮ ਨਿਆਂਲਿਆ ਨੂੰ ਹੇਠ-ਲਿਖੀਆਂ ਸ਼ਕਤੀਆਂ ਵੀ ਹੋਣਗੀਆਂ,-

(ੳ) ਕੋਤਾਹੀ ਲਈ ਕੇਸ ਨੂੰ ਖ਼ਾਰਜ ਕਰਨਾ ਜਾਂ ਇਕ ਤਰਫ਼ਾ ਕਾਰਵਾਈ ਕਰਨਾ; ਅਤੇ

(ਅ) ਕੋਤਾਹੀ ਲਈ ਖ਼ਾਰਜ ਦੇ ਕਿਸੇ ਅਜਿਹੇ ਹੁਕਮ ਜਾਂ ਕੇਸ ਦੀ ਇੱਕ ਤਰਫ਼ਾ ਸੁਣਵਾਈ ਲਈ ਉਸ ਦੁਆਰਾ ਪਾਸ ਕੀਤੇ ਕਿਸੇ ਹੁਕਮ ਨੂੰ ਰੱਦ ਕਰਨਾ।

(6) ਕਿਸੇ ਅਜਿਹੇ ਅਨੁਸੰਗਕ ਮਾਮਲੇ ਬਾਬਤ ਜੋ ਕਾਰਵਾਈਆਂ ਦੇ ਅਨੁਕ੍ਰਮ ਦੌਰਾਨ ਪੈਦਾ ਹੋਵੇ, ਗ੍ਰਾਮ ਨਿਆਂਲਿਆ ਅਜਿਹਾ ਜ਼ਾਬਤਾ ਅਪਣਾਏਗਾ ਜਿਵੇ ਉਹ ਇਨਸਾਫ਼ ਦੇ ਹਿੱਤ ਵਿੱਚ ਨਿਆਂਪੂਰਨ ਅਤੇ ਵਾਜਬ ਸਮਝੇ।

(7) ਕਾਰਵਾਈਆਂ, ਜਿੱਥੋਂ ਤੱਕ ਅਮਲਯੋਗ ਹੋਣ, ਇਨਸਾਫ਼ ਦੇ ਹਿੱਤਾਂ ਨਾਲ ਸੰਗਤ ਹੋਣਗੀਆਂ ਅਤੇ ਸੁਣਵਾਈ ਦਿਨ-ਪ੍ਰਤੀ-ਦਿਨ ਅਧਾਰ ਤੇ ਜਦ ਤੱਕ ਇਸ ਦਾ ਸਿੱਟਾ ਨਾ ਨਿਕਲੇ ਜਾਰੀ ਰਹੇਗੀ, ਜੇਕਰ ਗ੍ਰਾਮ ਨਿਆਂਲਿਆ ਅਜਿਹੇ ਕਾਰਨਾਂ ਕਰਕੇ, ਜਿੰਨ੍ਹਾਂ ਨੂੰ ਕਲਮਬੰਦ ਕੀਤਾ ਜਾਵੇਗਾ, ਸੁਣਵਾਈ ਨੂੰ ਅਗਲੇ ਦਿਨ ਤੇ ਮੁਲਤਵੀ ਕਰਨਾ ਜ਼ਰੂਰੀ ਨਾ ਲੱਗੇ।

(8) ਗ੍ਰਾਮ ਨਿਆਂਲਿਆ ਉਪ-ਧਾਰਾ (1) ਅਧੀਨ ਦਿੱਤੀ ਦਰਖ਼ਾਸਤ ਦਾ ਨਿਬੇੜਾ ਇਸ ਦੇ ਦਾਇਰ ਕਰਨ ਦੀ ਤਰੀਕ ਤੋਂ ਛੇ ਮਹੀਨੇ ਦੀ ਮੁਦੱਤ ਅੰਦਰ ਕਰੇਗਾ।

(9) ਹਰਿਕ ਦਾਵਾ, ਕਲੇਮ ਜਾਂ ਝਗੜੇ ਦਾ ਫ਼ੈਸਲਾ ਗ੍ਰਾਮ ਨਿਆਂਲਿਆ ਦੁਆਰਾ ਸੁਣਵਾਈ ਦੀ ਸਮਾਪਤੀ ਹੋਣ ਦੇ ਤੁਰੰਤ ਪਿੱਛੋਂ ਜਾਂ ਪੰਦਰਾਂ ਦਿਨਾਂ ਤੋਂ ਨਾ ਵੱਧ, ਅਜਿਹੇ ਕਿਸੇ ਬਾਅਦ ਦੇ ਸਮੇਂ ਤੇ, ਜਿਸ ਦਾ ਨੋਟਿਸ ਧਿਰਾਂ ਨੂੰ ਦਿੱਤਾ ਜਾਵੇਗਾ, ਖੁੱਲ੍ਹੀ ਅਦਾਲਤ ਵਿੱਚ ਸੁਣਾਇਆ ਜਾਵੇਗਾ।

(10) ਫ਼ੈਸਲੇ ਵਿੱਚ ਕੇਸ ਦਾ ਸੰਖੇਪ ਕਥਨ, ਤੈਅ ਕਰਣ ਲਈ ਨੁਕਤੇ, ਉਸ ਤੇ ਫ਼ੈਸਲਾ ਅਤੇ ਅਜਿਹੇ ਫ਼ੈਸਲੇ ਲਈ ਕਾਰਨ ਦਰਜ ਹੋਣਗੇ।

(11) ਫ਼ੈਸਲੇ ਦੀ ਇਕ ਨਕਲ ਦੋਹਾਂ ਧਿਰਾਂ ਨੂੰ ਫ਼ੈਸਲਾ ਸੁਣਾਉਣ ਦੀ ਤਰੀਕ ਤੋਂ ਤਿੰਨ ਦਿਨਾਂ ਅੰਦਰ ਮੁਫ਼ਤ ਦਿੱਤੀ ਜਾਵੇਗੀ।

ਗ੍ਰਾਮ ਨਿਆਂਲਿਆ ਦੀਆਂ ਡਿਗਰੀਆਂ ਅਤੇ ਹੁਕਮਾਂ ਦੀ ਤਾਮੀਲ। 1908 ਦਾ 5

25. (1) ਜ਼ਾਬਤਾ ਦੀਵਾਨੀ ਸੰਘਤਾ, 1908 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਗ੍ਰਾਮ ਨਿਆਂਲਿਆ ਦੁਆਰਾ ਕੀਤਾ ਫ਼ੈਸਲਾ ਡਿਗਰੀ ਸਮਝਿਆ ਜਾਵੇਗਾ ਅਤੇ ਉਸ ਦੀ ਤਾਮੀਲ ਗ੍ਰਾਮ ਨਿਆਂਲਿਆ ਦੁਆਰਾ ਦੀਵਾਨੀ ਅਦਾਲਤ ਦੀ ਡਿਗਰੀ ਦੇ ਵਜੋਂ ਕੀਤੀ ਜਾਵੇਗੀ ਅਤੇ ਇਸ ਪ੍ਰਯੋਜਨ ਦੇ ਲਈ, ਗ੍ਰਾਮ

ਨਿਆਂਲਿਆ ਨੂੰ ਦੀਵਾਨੀ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ।

1908 ਦਾ 5

(2) ਗ੍ਰਾਮ ਨਿਆਂਲਿਆ, ਜ਼ਾਬਤਾ ਦੀਵਾਨੀ ਸੰਘਤਾ, 1908 ਵਿੱਚ ਜਿਵੇਂ ਉਪਬੰਧਤ ਹੋਵੇ ਡਿਗਰੀ ਦੀ ਤਾਮੀਲ ਦੇ ਬਾਰੇ ਵਿੱਚ ਜ਼ਾਬਤੇ ਦੁਆਰਾਂ ਪਾਬੰਦ ਨਹੀਂ ਹੋਵੇਗਾ ਅਤੇ ਉਹ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਅਗਵਾਈ ਦੁਆਰਾ ਹੋਵੇਗੀ।

(3) ਡਿਗਰੀ ਦੀ ਤਾਮੀਲ ਜਾਂ ਤਾਂ ਉਸ ਗ੍ਰਾਮ ਨਿਆਂਲਿਆ ਦੁਆਰਾ ਜਿਸ ਨੇ ਉਸ ਨੂੰ ਪਾਸ ਕੀਤਾ ਹੈ ਜਾਂ ਹੋਰ ਗ੍ਰਾਮ ਨਿਆਂਲਿਆ ਦੁਆਰਾ, ਜਿਸ ਨੂੰ ਤਾਮੀਲ ਦੇ ਲਈ ਉਹ ਭੇਜੀ ਗਈ ਹੈ, ਕੀਤੀ ਜਾ ਸਕੇਗੀ।

ਦੀਵਾਨੀ ਝਗੜਿਆਂ ਦੀ ਸੁਲਾਹ ਅਤੇ ਸਮਝੌਤਿਆਂ ਦੇ ਲਈ ਯਤਨ ਕਰਨ ਦੇ ਗ੍ਰਾਮ ਨਿਆਂਲਿਆ ਦੇ ਕਰਤੱਵ।

26. (1) ਹਰਿਕ ਦਾਵਾ ਜਾਂ ਕਾਰਵਾਈ ਵਿੱਚ ਗ੍ਰਾਮ ਨਿਆਂਲਿਆ ਦੁਆਰਾ ਸ਼ੁਰੂ ਵਿੱਚ ਇਹ ਯਤਨ ਕੀਤਾ ਜਾਵੇਗਾ ਕਿ ਜਿੱਥੇ ਕੇਸ ਦੀ ਪ੍ਰਕਿਰਤੀ ਅਤੇ ਹਾਲਾਤਾਂ ਨਾਲ ਸੰਗਤ ਅਜਿਹਾ ਕਰਨਾ ਸੰਭਵ ਹੈ, ਉਥੇ ਉਹ ਦਾਵਾ, ਕਲੇਮ ਜਾਂ ਝਗੜੇ ਦਾ ਵਿਸ਼ਾ-ਵਸਤੂ ਦੇ ਸਬੰਧ ਵਿੱਚ ਸਮਝੌਤਾ ਕਰਵਾਉਣ ਵਿੱਚ ਧਿਰਾਂ ਦੀ ਸਹਾਇਤਾ ਕਰੇ, ਉਨ੍ਹਾਂ ਨੂੰ ਮਨਾਉਣ ਅਤੇ ਸੁਲਾਹ ਕਰਵਾਉਣ ਅਤੇ ਇਸ ਪ੍ਰਯੋਜਨ ਦੇ ਲਈ ਗ੍ਰਾਮ ਨਿਆਂਲਿਆ ਅਜਿਹਾ ਜ਼ਾਬਤਾ ਅਪਣਾਏਗਾ ਜੋ ਹਾਈ ਕੋਰਟ ਦੁਆਰਾ ਮੁਕੱਰਰ ਕੀਤਾ ਜਾਵੇ।

(2) ਜਿੱਥੇ ਦਾਵੇ ਜਾਂ ਕਾਰਵਾਈ ਵਿੱਚ, ਕਿਸੇ ਪੱਧਰ ਤੇ ਗ੍ਰਾਮ ਨਿਆਂਲਿਆ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਧਿਰਾਂ ਵਿਚਕਾਰ ਸਮਝੌਤੇ ਦੀ ਵਾਜਬ ਸੰਭਾਵਨਾ ਹੈ, ਉਥੇ ਗ੍ਰਾਮ ਨਿਆਂਲਿਆ ਕਾਰਵਾਈਆਂ ਨੂੰ ਅਜਿਹੀ ਮੁਦੱਤ ਲਈ ਮੁਲਤਵੀ ਕਰ ਸਕੇਗਾ ਜਿਵੇਂ ਉਹ ਅਜਿਹਾ ਸਮਝੌਤਾ ਕਰਵਾਉਣ ਦੇ ਯਤਨ ਕਰਨ ਵਿਚ ਉਨ੍ਹਾਂ ਨੂੰ ਸਮੱਰਥ ਬਣਾਉਣ ਦੇ ਲਈ ਠੀਕ ਸਮਝੇ।

(3) ਜਿੱਥੇ ਉਪ-ਧਾਰਾ (2) ਅਧੀਨ ਕਿਸੇ ਕਾਰਵਾਈ ਨੂੰ ਮੁਲਤਵੀ ਕੀਤਾ ਜਾਂਦਾ ਹੈ, ਉੱਥੇ ਗ੍ਰਾਮ ਨਿਆਂਲਿਆ ਆਪਣੇ ਸਵੈ-ਵਿਵੇਕ ਤੇ, ਧਿਰਾਂ ਵਿਚਕਾਰ ਸਮਝੌਤਾ ਕਰਵਾਉਣ ਲਈ ਮਾਮਲੇ ਨੂੰ ਇੱਕ ਜਾਂ ਵੱਧ ਸੁਲਾਹਕਾਰਾਂ ਦੇ ਹਵਾਲੇ ਕਰ ਸਕੇਗਾ।

(4) ਉਪ-ਧਾਰਾ (2) ਦੁਆਰਾ ਪ੍ਰਦਾਨ ਕੀਤੀ ਸ਼ਕਤੀ ਕਾਰਵਾਈਆਂ ਨੂੰ ਮੁਲਤਵੀ ਕਰਨ ਦੀ ਗ੍ਰਾਮ ਨਿਆਂਲਿਆ ਦੀ ਕਿਸੇ ਹੋਰ ਸ਼ਕਤੀ ਤੋਂ ਅਤਿਰਿਕਤ ਹੋਵੇਗੀ ਅਤੇ ਨਾ ਕਿ ਉਸ ਦੇ ਅਲਪਕਰਣ ਵਿੱਚ।

ਸੁਲਾਹਕਾਰਾਂ ਦੀ ਨਿਯੁਕਤੀ।

27. (1) ਧਾਰਾ 26 ਦੇ ਪ੍ਰਯੋਜਨਾਂ ਲਈ, ਜ਼ਿਲ੍ਹਾ ਅਦਾਲਤ, ਜ਼ਿਲ੍ਹਾ ਮੈਜਿਸਟਰੇਟ ਦੇ ਮਸ਼ਵਰੇ ਨਾਲ, ਸੁਲਾਹਕਾਰ ਵਜੋਂ ਨਿਯੁਕਤੀ ਲਈ, ਪਿੰਡ ਪੱਧਰ ਦੇ ਦਿਆਨਤਦਾਰੀ ਰੱਖਣ ਵਾਲੇ ਸਮਾਜਕ ਕਾਮਿਆਂ ਦੇ ਨਾਵਾਂ ਦਾ ਇਕ ਪੈਨਲ ਤਿਆਰ ਕਰੇਗਾ, ਜਿੰਨ੍ਹਾਂ ਕੋਲ

ਅਜਿਹੀਆਂ ਯੋਗਤਾਵਾਂ ਅਤੇ ਤਜਰਬਾ ਹੋਵੇ, ਜੋ ਹਾਈ ਕੋਰਟ ਦੁਆਰਾ ਮੁਕੱਰਰ ਕੀਤੇ ਜਾਵੇ।

(2) ਸੁਲਾਹਕਾਰ ਨੂੰ ਅਦਾਇਗੀਯੋਗ ਬੈਠਕ ਫ਼ੀਸ ਅਤੇ ਹੋਰ ਭੱਤੇ ਅਤੇ ਕੰਮ ਤੇ ਲਾਉਣ ਲਈ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਰਾਜ ਸਰਕਾਰ ਦੁਆਰਾ ਮੁਕੱਰਰ ਕੀਤੀਆਂ ਜਾਣ।

ਦੀਵਾਨੀ ਝਗੜਿਆਂ ਦਾ ਬਦਲਣਾ।

28. ਅਧਿਕਾਰਤਾ ਰੱਖਦੀ ਜ਼ਿਲ੍ਹਾ ਅਦਾਲਤ, ਕਿਸੇ ਧਿਰ ਦੁਆਰਾ ਦਿੱਤੀ ਦਰਖ਼ਾਸਤ ਤੇ ਜਾਂ ਜਿੱਥੇ ਕਿਤੇ ਇਕ ਗ੍ਰਾਮ ਨਿਆਂਲਿਆ ਵਿੱਚ ਕਾਫ਼ੀ ਕੇਸ ਲੰਬਿਤ ਹੋਣ ਜਾਂ ਜਦ ਕਦੇ ਇਨਸਾਫ਼ ਦੇ ਹਿੱਤਾਂ ਵਿੱਚ ਇਹ ਜ਼ਰੂਰੀ ਸਮਝੇ, ਕਿਸੇ ਗ੍ਰਾਮ ਨਿਆਂਲਿਆ ਦੇ ਅੱਗੇ ਲੰਬਿਤ ਕਿਸੇ ਕੇਸ ਨੂੰ ਆਪਣੀ ਅਧਿਕਾਰਤਾ ਅੰਦਰ ਕਿਸੇ ਹੋਰ ਗ੍ਰਾਮ ਨਿਆਂਲਿਆ ਨੂੰ ਬਦਲ ਸਕੇਗਾ।

## ਅਧਿਆਏ VI

## ਸਧਾਰਣ ਜ਼ਾਬਤਾ

ਕਾਰਵਾਈਆਂ ਦਾ ਰਾਜ ਦੀ ਰਾਜ ਭਾਸ਼ਾ ਵਿੱਚ ਹੋਣਾ।

29. ਗ੍ਰਾਮ ਨਿਆਂਲਿਆ ਅੱਗੇ ਕਾਰਵਾਈਆਂ ਅਤੇ ਉਸਦਾ ਫ਼ੈਸਲਾ, ਜਿੱਥੋਂ ਤੱਕ ਅਮਲਯੋਗ ਹੋਵੇ, ਅੰਗਰੇਜ਼ੀ ਭਾਸ਼ਾ ਤੋਂ ਬਿਨਾਂ ਰਾਜ ਦੀਆਂ ਭਾਸ਼ਾਵਾਂ ਵਿੱਚੋਂ ਕਿਸੇ ਇਕ ਵਿੱਚ ਹੋਵੇਗਾ।

ਭਾਰਤੀ ਸ਼ਹਾਦਤ ਐਕਟ, 1872 ਦਾ ਲਾਗੂ ਹੋਣਾ।

1872 ਦਾ 1

30. ਗ੍ਰਾਮ ਨਿਆਂਲਿਆ ਸ਼ਹਾਦਤ ਵਜੋਂ ਕਿਸੇ ਰਿਪੋਟ, ਬਿਆਨ, ਦਸਤਾਵੇਜ਼, ਸੂਚਨਾ ਜਾਂ ਮਾਮਲੇ ਨੂੰ ਗ੍ਰਹਿਣ ਕਰ ਸਕੇਗਾ ਜੋ ਉਸ ਦੀ ਰਾਏ ਵਿੱਚ ਕਿਸੇ ਝਗੜੇ ਨੂੰ ਪ੍ਰਭਾਵੀ ਤੌਰ ਤੇ ਨਿਪਟਾਉਣ ਵਿੱਚ ਉਸ ਦੀ ਰਾਏ ਵਿੱਚ ਉਸ ਦੀ ਸਹਾਇਤਾ ਕਰਦਾ ਹੋਵੇ, ਭਾਵੇਂ ਉਹ ਭਾਰਤੀ ਸ਼ਹਾਦਤ ਐਕਟ 1872 ਦੇ ਅਧੀਨ ਹੋਰਵੇਂ ਸੁਸੰਗਤ ਜਾਂ ਮੰਨਣਯੋਗ ਹੋਵੇ ਜਾਂ ਨਹੀਂ।

ਜ਼ਬਾਨੀ ਸ਼ਹਾਦਤ ਦਾ ਕਲਮਬੰਦ ਕਰਨਾ।

31. ਗ੍ਰਾਮ ਨਿਆਂਲਿਆ ਅੱਗੇ ਦਾਵੇ ਜਾਂ ਕਾਰਵਾਈਆਂ ਵਿੱਚ ਗਵਾਹਾਂ ਦੀ ਸ਼ਹਾਦਤ ਨੂੰ ਵਿਸਤਾਰ ਨਾਲ ਕਲਮਬੰਦ ਕਰਨਾ ਜ਼ਰੂਰੀ ਨਹੀਂ ਹੋਵੇਗਾ, ਪਰ ਨਿਆਂ-ਅਧਿਕਾਰੀ, ਜਿਉਂ ਹੀ ਹਰੇਕ ਗਵਾਹ ਦੀ ਪਰੀਖਿਆ ਦੀ ਕਾਰਵਾਈ ਹੁੰਦੀ ਹੈ, ਸ਼ਹਾਦਤ ਜੋ ਗਵਾਹ ਨੇ ਅਪਣੀ ਗਵਾਹੀ ਵਿੱਚ ਦੱਸੀ ਹੈ ਸਾਰੰਸ਼ ਦੇ ਯਾਦ-ਪੱਤਰ ਨੂੰ ਕਲਮਬੰਦ ਕਰੇਗਾ ਜਾਂ ਕਮਲਬੰਦ ਕੀਤੇ ਜਾਣ ਨੂੰ ਕਾਰਤ ਕਰੇਗਾ ਅਤੇ ਅਜਿਹੇ ਯਾਦ ਪੱਤਰ ਤੇ ਗਵਾਹ ਅਤੇ ਨਿਆਂ-ਅਧਿਕਾਰੀ ਦੁਆਰਾ ਦਸਖ਼ਤ ਕੀਤੇ ਜਾਣਗੇ ਅਤੇ ਇਹ ਰਿਕਾਰਡ ਦਾ ਭਾਗ ਹੋਵੇਗਾ।

ਹਲਫ਼ੀਆ ਬਿਆਨ ਤੇ ਰਸਮੀ ਪ੍ਰਕਿਰਤੀ ਦੀ ਸ਼ਹਾਦਤ।

32. (1) ਕਿਸੇ ਵਿਅਕਤੀ ਦੀ ਸ਼ਹਾਦਤ ਜਿੱਥੇ ਅਜਿਹੀ ਸ਼ਹਾਦਤ ਰਸਮੀ ਪ੍ਰਕਿਰਤੀ ਦੀ ਹੈ, ਹਲਫ਼ੀਆਂ ਬਿਆਨ ਦੁਆਰਾ ਦਿੱਤੀ ਜਾ ਸਕੇਗੀ ਅਤੇ ਸਾਰੇ ਨਿਆਂ ਪੂਰਣ ਅਪਵਾਦਾਂ ਦੇ ਤਾਬੇ, ਗ੍ਰਾਮ ਨਿਆਂਲਿਆ ਅੱਗੇ ਕਿਸੇ ਦਾਵੇ ਜਾਂ ਕਾਰਵਾਈਆਂ ਵਿੱਚ ਸ਼ਹਾਦਤ ਵਜੋਂ ਪੜ੍ਹੀ ਜਾ ਸਕੇਗੀ।

(2) ਗ੍ਰਾਮ ਨਿਆਂਲਿਆ, ਜੋ ਉਹ ਠੀਕ ਸਮਝੇ, ਦਾਵੇ ਜਾਂ ਕਾਰਵਾਈ ਵਿੱਚ ਧਿਰਾਂ ਵਿੱਚੋਂ ਕਿਸੇ ਵੱਲੋ ਦਰਖ਼ਾਸਤ ਤੇ ਅਜਿਹੇ ਕਿਸੇ ਵਿਅਕਤੀ ਨੂੰ ਸੰਮਨ ਕਰ ਸਕੇਗਾ ਅਤੇ ਉਸਦੇ ਹਲਫ਼ੀਆ ਬਿਆਨ ਵਿੱਚ ਦਰਜ ਤੱਥਾਂ ਬਾਬਤ ਕਿਸੇ ਅਜਿਹੇ ਵਿਅਕਤੀ ਦੀ ਪਰੀਖਿਆ ਕਰੇਗਾ।

## ਅਧਿਆਏ VII

## ਅਪੀਲਾਂ

ਫ਼ੌਜ਼ਦਾਰੀ ਕੇਸਾਂ ਵਿੱਚ ਅਪੀਲ। 1974 ਦਾ 2

33. (1) ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਜਾਂ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਗ੍ਰਾਮ ਨਿਆਂਲਿਆ ਦੇ ਕਿਸੇ ਫ਼ੈਸਲੇ, ਸਜ਼ਾ ਜਾਂ ਹੁਕਮ ਦੇ ਵਿਰੁੱਧ ਕੋਈ ਅਪੀਲ ਇਸ ਅਧੀਨ ਜਿਵੇਂ ਹੇਠਾ ਉਪਬੰਧ ਕੀਤੇ ਗਏ ਦੇ ਸਿਵਾਏ ਨਹੀਂ ਹੋਵੇਗੀ।

(2) ਕੋਈ ਅਪੀਲ ਨਹੀਂ ਹੋਵੇਗੀ, ਜਿੱਥੇ --

(ੳ) ਮੁਲਜ਼ਮ ਨੇ ਦੋਸ਼ ਮੰਨ ਲਿਆ ਹੈ ਅਤੇ ਅਜਿਹੀ ਦਲੀਲ ਤੇ ਸਿੱਧ-ਦੋਸ਼ ਹੋਇਆ ਹੈ;

(ਅ) ਗ੍ਰਾਮ ਨਿਆਂਲਿਆ ਨੇ ਕੇਵਲ ਇੱਕ ਹਜ਼ਾਰ ਰੁਪਏ ਤੋਂ ਨਾ ਵੱਧ ਦੇ ਜੁਰਮਾਨੇ ਦੀ ਸਜ਼ਾ ਦਾ ਹੁਕਮ ਪਾਸ ਕੀਤਾ ਹੈ।

(3) ਉਪ-ਧਾਰਾ (2) ਦੇ ਤਾਬੇ ਗ੍ਰਾਮ ਨਿਆਂਲਿਆ ਦੇ ਕਿਸੇ ਹੋਰ ਫ਼ੈਸਲੇ, ਸਜ਼ਾ ਜਾਂ ਹੁਕਮ ਦੇ ਵਿਰੁੱਧ ਅਪੀਲ ਸ਼ੈਸ਼ਨ ਅਦਾਲਤ ਵਿੱਚ ਹੋਵੇਗੀ।

(4) ਇਸ ਧਾਰਾ ਅਧੀਨ ਹਰਿਕ ਅਪੀਲ ਗ੍ਰਾਮ ਨਿਆਂਲਿਆ ਦੇ ਫ਼ੈਸਲੇ, ਸਜ਼ਾ ਜਾਂ ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁਦੱਤ ਅੰਦਰ ਕੀਤੀ ਜਾਵੇਗੀ;

ਪਰੰਤੂ ਜੇਕਰ ਸ਼ੈਸ਼ਨ ਅਦਾਲਤ ਦੀ ਤਸੱਲੀ ਹੋ ਜਾਂਦੀ ਹੈ ਕਿ ਅਪੀਲਕਰਤਾ ਕੋਲ ਤੀਹ ਦਿਨਾਂ ਦੀ ਉਕਤ ਮੁਦੱਤ ਅੰਦਰ ਅਪੀਲ ਨਾ ਕਰਨ ਦਾ ਕਾਫ਼ੀ ਕਾਰਨ ਸੀ ਤਾਂ ਉਹ ਉਕਤ ਮੁਦੱਤ ਦੇ ਗੁਜ਼ਰ ਜਾਣ ਪਿਛੋਂ ਅਪੀਲ ਗ੍ਰਹਿਣ ਕਰ ਸਕੇਗੀ।

(5) ਉਪ-ਧਾਰਾ (3) ਅਧੀਨ ਕੀਤੀ ਅਪੀਲ ਦੀ ਸ਼ੈਸ਼ਨ ਅਦਾਲਤ ਦੁਆਰਾ ਸੁਣਵਾਈ ਅਤੇ ਅਜਿਹੀ ਅਪੀਲ ਦਾ ਨਿਬੇੜਾ ਉਸ ਦੇ ਫ਼ਾਈਲ ਕੀਤੇ ਜਾਣ ਦੀ ਤਰੀਕ ਤੋਂ ਛੇ ਮਹੀਨੇ ਅੰਦਰ ਕੀਤਾ ਜਾਵੇਗਾ।

(6) ਸ਼ੈਸ਼ਨ ਅਦਾਲਤ, ਅਪੀਲ ਦਾ ਨਿਬੇੜਾ ਲੰਬਿਤ ਰਹਿਣ ਦੇ ਦੌਰਾਨ ਉਸ ਸਜ਼ਾ ਜਾਂ ਹੁਕਮ ਦੇ ਮੁਅੱਤਲ ਕਰਨ ਦਾ ਨਿਦੇਸ਼ ਦੇ ਸਕੇਗੀ, ਜਿਸ ਦੇ ਵਿਰੁੱਧ ਅਪੀਲ ਕੀਤੀ ਗਈ ਹੈ।

(7) ਉਪ-ਧਾਰਾ (5) ਅਧੀਨ ਸ਼ੈਸ਼ਨ ਅਦਾਲਤ ਦਾ ਨਿਰਣਾ ਅੰਤਮ ਹੋਵੇਗਾ ਅਤੇ ਸ਼ੈਸ਼ਨ ਅਦਾਲਤ ਦੇ ਵਿਰੁੱਧ ਕੋਈ ਅਪੀਲ ਜਾਂ ਨਜ਼ਰਸਾਨੀ ਨਹੀ ਹੋਵੇਗੀ।

ਪਰੰਤੂ ਇਸ ਉਪ-ਧਾਰਾ ਦੀ ਕੋਈ ਗੱਲ ਕਿਸੇ ਵਿਅਕਤੀ ਨੂੰ ਸੰਵਿਧਾਨ ਦੇ ਅਨੁਛੇਦ 32 ਅਤੇ ਅਨੁਛੇਦ 226 ਅਧੀਨ ਉਪਲਬਧ ਨਿਆਂਇਕ ਉਪਚਾਰ ਪ੍ਰਾਪਤ ਕਰਨ ਤੋਂ ਨਹੀਂ ਰੋਕੇਗੀ।

ਦੀਵਾਨੀ ਕੇਸਾਂ ਵਿੱਚ ਅਪੀਲ। 1908 ਦਾ 5

34 (1) ਜ਼ਾਬਤਾ ਦੀਵਾਨੀ ਸੰਘਤਾ, 1908 ਜਾਂ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਅਤੇ ਉਪ-ਧਾਰਾ (2) ਦੇ ਤਾਬੇ, ਗ੍ਰਾਮ ਨਿਆਂਲਿਆ ਦਾ ਹਰਿਕ ਫ਼ੈਸਲਾ ਜਾਂ ਹੁਕਮ ਜੋ ਦਰਮਿਆਨੀ ਹੁਕਮ ਨਹੀਂ ਹੈ, ਅਪੀਲ ਜ਼ਿਲ੍ਹਾ ਅਦਾਲਤ ਨੂੰ ਹੋਵੇਗੀ।

(2) ਗ੍ਰਾਮ ਨਿਆਂਲਿਆ ਦੁਆਰਾ ਪਾਸ ਕੀਤੇ ਕਿਸੇ ਫ਼ੈਸਲੇ ਜਾਂ ਹੁਕਮ ਤੇ ਅਪੀਲ ਹੇਠ-ਲਿਖਿਆਂ ਕਰਕੇ ਨਹੀਂ ਕੀਤੀ ਜਾਵੇਗੀ--

(ੳ) ਧਿਰਾਂ ਦੀ ਸਹਿਮਤੀ ਨਾਲ;

(ਅ) ਜਿੱਥੇ ਕਿਸੇ ਦਾਵੇ, ਕਲੇਮ ਜਾਂ ਝਗੜੇ ਦੇ ਵਿਸ਼ਾ-ਵਸਤੂ ਦੀ ਰਕਮ ਜਾਂ ਮੁੱਲ ਇਕ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ;

(ੲ) ਜਿੱਥੇ ਕਿਸੇ ਅਜਿਹੇ ਦਾਵੇ, ਕਲੇਮ ਜਾਂ ਝਗੜੇ ਦੇ

ਵਿਸ਼ਾ-ਵਸਤੂ ਦੀ ਰਕਮ ਮੁੱਲ ਕਾਨੂੰਨ ਦੇ ਸਵਾਲ ਤੋ ਸਿਵਾਏ, ਪੰਜ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ।

(3) ਇਸ ਧਾਰਾ ਅਧੀਨ ਹਰਿਕ ਅਪੀਲ ਗ੍ਰਾਮ ਨਿਆਲਿਆ ਦੇ ਫ਼ੈਸਲੇ ਜਾਂ ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁਦੱਤ ਦੇ ਅੰਦਰ ਕੀਤੀ ਜਾਵੇਗੀ;

ਪਰੰਤੂ ਜੇਕਰ ਜ਼ਿਲ੍ਹਾ ਅਦਾਲਤ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਅਪੀਲਕਰਤਾ ਦੇ ਕੋਲ ਤੀਹ ਦਿਨ ਦੀ ਉਕਤ ਮੁੱਦਤ ਅੰਦਰ ਅਪੀਲ ਨਾ ਕਰਨ ਦਾ ਕਾਫ਼ੀ ਕਾਰਨ ਸੀ ਤਾਂ ਉਹ ਉਕਤ ਮੁਦੱਤ ਦੇ ਗੁਜ਼ਰ ਜਾਣ ਪਿਛੋਂ ਅਪੀਲ ਗ੍ਰਹਿਣ ਕਰ ਸਕੇਗੀ।

(4) ਉਪ-ਧਾਰਾ (1) ਅਧੀਨ ਕੀਤੀ ਅਪੀਲ ਦੀ ਜ਼ਿਲ੍ਹਾ ਅਦਾਲਤ ਦੁਆਰਾ ਸੁਣਵਾਈ ਅਤੇ ਅਜਿਹੀ ਅਪੀਲ ਦਾ ਨਿਬੇੜਾ ਉਸ ਦੇ ਫ਼ਾਈਲ ਕੀਤੇ ਜਾਣ ਦੀ ਤਰੀਕ ਤੋਂ ਛੇ ਮਹੀਨੇ ਦੇ ਅੰਦਰ ਕੀਤਾ ਜਾਵੇਗਾ।

(5) ਜ਼ਿਲ੍ਹਾ ਅਦਾਲਤ, ਅਪੀਲ ਦਾ ਨਿਬੇੜਾ ਲੰਬਿਤ ਰਹਿਣ ਦੇ ਦੌਰਾਨ ਉਸ ਫ਼ੈਸਲੇ ਜਾਂ ਹੁਕਮ ਦੀ ਤਾਮੀਲ ਤੇ ਰੋਕ ਲਗਾ ਸਕੇਗੀ, ਜਿਸ ਦੇ ਵਿਰੁੱਧ ਅਪੀਲ ਕੀਤੀ ਗਈ ਹੈ।

(6) ਉਪ-ਧਾਰਾ (4) ਅਧੀਨ ਜ਼ਿਲ੍ਹਾ ਅਦਾਲਤ ਦਾ ਨਿਰਣਾ ਅੰਤਮ ਹੋਵੇਗਾ ਅਤੇ ਜ਼ਿਲ੍ਹਾ ਅਦਾਲਤ ਦੇ ਨਿਰਣੇ ਦੇ ਵਿਰੁੱਧ ਕੋਈ ਅਪੀਲ ਜਾਂ ਪੁਨਰ ਨਿਰੀਖਣ ਨਹੀਂ ਕੀਤਾ ਜਾਵੇਗਾ:

ਪਰੰਤੂ ਇਸ ਉਪ-ਧਾਰਾ ਦੀ ਕੋਈ ਗੱਲ ਕਿਸੇ ਵਿਅਕਤੀ ਨੂੰ ਸੰਵਿਧਾਨ ਦੇ ਅਨੁਛੇਦ 32 ਅਤੇ 226 ਅਧੀਨ ਉਪਲਬਧ ਨਿਆਂਇਕ ਉਪਚਾਰਾ ਨੂੰ ਪ੍ਰਾਪਤ ਕਰਨ ਤੋਂ ਨਹੀਂ ਰੋਕੇਗੀ।

## ਅਧਿਆਏ VIII

## ਫ਼ੁਟਕਲ

ਗ੍ਰਾਮ ਨਿਆਂਲਿਆ ਨੂੰ ਪੁਲਿਸ ਦੀ ਸਹਾਇਤਾ।

35. (1) ਗ੍ਰਾਮ ਨਿਆਂਲਿਆ ਦੀ ਅਧਿਕਾਰਤਾ ਦੀ ਸਥਾਨਕ ਸੀਮਾਵਾਂ ਅੰਦਰ ਕਾਜਕਾਰ ਕਰ ਰਿਹਾ ਹਰਿਕ ਪੁਲਿਸ ਅਫ਼ਸਰ ਗ੍ਰਾਮ ਨਿਆਂਲਿਆ ਦੀ ਉਸ ਦੇ ਕਾਨੂੰਨ ਪੂਰਨ ਅਥਾਰਟੀ ਦੀ ਵਰਤੋਂ ਵਿੱਚ ਸਹਾਇਤਾ ਦੇਣ ਲਈ ਪਾਬੰਦ ਹੋਵੇਗਾ।

(2) ਜਦ ਕਦੇ ਗ੍ਰਾਮ ਨਿਆਂਲਿਆ, ਅਪਣੇ ਕਾਜਕਾਰਾਂ ਨੂੰ ਨਿਭਾਉਣ ਵਿੱਚ, ਮਾਲ ਅਫ਼ਸਰ ਜਾਂ ਪੁਲਿਸ ਅਫ਼ਸਰ ਜਾਂ ਸਰਕਾਰੀ ਸੇਵਕ ਨੂੰ ਗ੍ਰਾਮ ਨਿਆਂਲਿਆ ਦੀ ਸਹਾਇਤਾ ਦੇਣ ਦਾ ਨਿਦੇਸ਼ ਦੇਵੇਗਾ ਤਾਂ ਉਹ ਅਜਿਹੀ ਸਹਾਇਤਾ ਦੇਣ ਲਈ ਪਾਬੰਦ ਹੋਵੇਗਾ।

ਨਿਆਂ ਅਧਿਕਾਰੀਆਂ ਅਤੇ ਕਰਮਚਾਰੀਆਂ ਆਦਿ ਦਾ ਲੋਕ ਸੇਵਕ ਹੋਣਾ।

36. ਨਿਆਂ ਅਧਿਕਾਰੀ ਅਤੇ ਗ੍ਰਾਮ ਨਿਆਂਲਿਆ ਦੇ ਅਫ਼ਸਰਾਂ ਅਤੇ ਹੋਰ ਕਰਮਚਾਰੀਆਂ, ਦੇ ਬਾਰੇ ਵਿੱਚ, ਜਦ ਉਹ ਇਸ ਐਕਟ ਦੇ ਕਿਸੇ ਉਪਬੰਧਾਂ

ਦੇ ਅਨੁਸਰਨ ਵਿੱਚ ਕੰਮ ਕਰ ਰਹੇ ਹਨ, ਜਾਂ ਉਨ੍ਹਾਂ ਦਾ ਕੰਮ ਕਰਨਾ ਤਾਤਪਰਜਤ

1860 ਦਾ 45 ਹੈ, ਇਹ ਸਮਝਿਆ ਜਾਵੇਗਾ ਕਿ ਉਹ ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥ ਅੰਦਰ ਲੋਕ ਸੇਵਕ ਹਨ।

ਗ੍ਰਾਮ ਨਿਆਂਲਿਆ ਦਾ ਨਿਰੀਖਣ।

37. ਹਾਈ ਕੋਰਟ, ਨਿਆਂ-ਅਧਿਕਾਰੀ ਦੇ ਰੈਂਕ ਤੋਂ ਵੱਧ ਕਿਸੇ ਆਲ੍ਹਾ ਨਿਆਂਇਕ ਅਫ਼ਸਰ ਨੂੰ ਹਰਿਕ ਛੇ ਮਹੀਨੇ ਵਿੱਚ ਇੱਕ ਵਾਰ ਜਾਂ ਅਜਿਹੀ ਹੋਰ ਮੁਦੱਤ, ਜੋ ਹਾਈ ਕੋਰਟ ਮੁਕੱਰਰ ਕਰੇ, ਆਪਣੀ ਅਧਿਕਾਰਤਾ ਅੰਦਰ ਗ੍ਰਾਮ ਨਿਆਂਲਿਆ ਦਾ ਨਿਰੀਖਣ ਕਰਨ ਅਤੇ ਅਜਿਹੀਆਂ ਹਦਾਇਤਾਂ ਜਾਰੀ ਕਰਨ ਦੇ ਲਈ, ਜੋ ਉਹ ਜ਼ਰੂਰੀ ਸਮਝੇ ਅਤੇ ਹਾਈ ਕੋਰਟ ਨੂੰ ਰਿਪੋਟ ਪੇਸ਼ ਕਰਨ ਦੇ ਲਈ ਅਖ਼ਤਿਆਰਤ ਕਰ ਸਕੇਗੀ।

ਕਠਨਾਈਆਂ ਨੂੰ ਦੂਰ ਕਰਨ ਦੀ ਸ਼ਕਤੀ।

38. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਕੇਂਦਰੀ ਸਰਕਾਰ, ਸਰਕਾਰੀ ਗਜਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਕਠਨਾਈ ਨੂੰ ਦੂਰ ਕਰਨ ਲਈ ਉਸ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿੱਤ ਪਤੀਤ ਹੋਣ:

ਪਰੰਤੂ ਇਸ ਧਾਰਾ ਅਧੀਨ ਕੋਈ ਹੁਕਮ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਤਿੰਨ ਸਾਲ ਦੀ ਮੁਦੱਤ ਗੁਜ਼ਰਨ ਤੋਂ ਪਿੱਛੋਂ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਹਰਿਕ ਹੁਕਮ ਉਸ ਦੇ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਰੱਖਿਆ ਜਾਵੇਗਾ।

ਹਾਈ ਕੋਰਟ ਦੀ ਨਿਯਮ ਬਣਾਉਣ ਦੀ ਸ਼ਕਤੀ।

39. (1) ਹਾਈ ਕੋਰਟ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਅਧਿਸੂਚਨਾ ਦੁਆਰਾ, ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿੱਚ ਹੇਠ-ਲਿਖੇ ਸਭ ਵਿਸ਼ਿਆਂ ਲਈ ਜਾਂ ਉਨ੍ਹਾਂ ਵਿਚੋਂ ਕਿਸੇ ਲਈ ਉਪਬੰਧ ਕੀਤਾ ਜਾ ਸਕੇਗਾ ਜਿਵੇਂ ਕਿ--

(ੳ) ਧਾਰਾ 10 ਅਧੀਨ ਗ੍ਰਾਮ ਨਿਆਂਲਿਆ ਦੀ ਮੋਹਰ ਦਾ ਅਕਾਰ ਅਤੇ ਨਾਪ ਕਰਨ ਲਈ;

(ਅ) ਧਾਰਾ 24 ਦੀ ਉਪ-ਧਾਰਾ (1) ਅਧੀਨ ਦਾਵਾ, ਕਲੇਮ ਜਾਂ ਕਾਰਵਾਈ ਦੇ ਦਾਇਰ ਕਰਨ ਲਈ, ਫਾਰਮ, ਤਰੀਕਾ ਅਤੇ ਫੀਸ;

(ੲ) ਧਾਰਾ 24 ਦੀ ਉਪ ਧਾਰਾ (2) ਅਧੀਨ ਵਿਰੋਧੀ ਧਿਰ ਤੇ ਤਾਮੀਲ ਦਾ ਤਰੀਕਾ;

(ਸ) ਧਾਰਾ 26 ਦੀ ਉਪ-ਧਾਰਾ (1) ਅਧੀਨ ਸੁਲਾਹ ਲਈ ਜ਼ਾਬਤਾ;

(ਹ) ਧਾਰ 27 ਦੀ ਉਪ-ਧਾਰਾ (1) ਅਧੀਨ ਸੁਲਾਹਕਾਰਾਂ ਦੀ ਯੋਗਤਾਵਾਂ ਅਤੇ ਤਜਰਬਾ;

(ਕ) ਧਾਰ 37 ਅਧੀਨ ਗ੍ਰਾਮ ਨਿਆਂਲਿਆ ਦੇ ਨਿਰੀਖਣ ਲਈ ਮੁਦੱਤ।

(3) ਹਾਈ ਕੋਰਟ ਦੁਆਰਾ ਜਾਰੀ ਕੀਤੀ ਗਈ ਹਰਿਕ ਅਧਿਸੂਚਨਾ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤੀ ਜਾਵੇਗੀ।

ਰਾਜ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ।

40. (1) ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਅਧਿਸੂਚਨਾ ਦੁਆਰਾ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿੱਚ ਹੇਠ-ਲਿਖੇ ਸਭ ਵਿਸ਼ਿਆਂ ਲਈ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕੀਤੀ ਜਾ ਸਕੇਗਾ, ਜਿਵੇਂ ਕਿ--

(ੳ) ਧਾਰਾ 17 ਦੀ ਉਪ-ਧਾਰਾ (2) ਅਧੀਨ ਗ੍ਰਾਮ ਨਿਆਂਲਿਆ ਦੇ ਅਫ਼ਸਰਾਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਤਨਖ਼ਾਹ ਅਤੇ ਭੱਤੇ ਅਤੇ ਉਨ੍ਹਾਂ ਦੀ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ;

(ਅ) ਧਾਰਾ 27 ਦੀ ਉਪ-ਧਾਰਾ (2) ਅਧੀਨ ਸੁਲਾਹਕਾਰਾਂ ਨੂੰ ਅਦਾਇਗੀਯੋਗ ਬੈਠਕ ਫ਼ੀਸ ਅਤੇ ਹੋਰ ਭੱਤੇ ਅਤੇ ਨਿਯੁਕਤੀ ਦੇ ਹੋਰ ਨਿਬੰਧਨ ਅਤੇ ਸ਼ਰਤਾਂ।

(3) ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਬਣਾਇਆ ਹਰਿਕ ਨਿਯਮ ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ-ਮੰਡਲ ਅੱਗੇ ਰੱਖਿਆ ਜਾਵੇਗਾ।

## ਪਹਿਲੀ ਅਨੁਸੂਚੀ

**(ਵੇਖੋ ਧਾਰਾ 12 ਅਤੇ ਧਾਰਾ 14)**

### ਭਾਗ I

### ਭਾਰਤੀ ਦੰਡ ਸੰਘਤਾ (1860 ਦਾ 45) ਅਧੀਨ ਅਪਰਾਧ, ਆਦਿ

(i) ਅਜਿਹੇ ਅਪਰਾਧ ਜਿਹੜੇ ਮੌਤ, ਉਮਰ ਕੈਦ ਜਾਂ ਦੋ ਸਾਲ ਤੋਂ ਵੱਧ ਦੀ ਅਉਧ ਦੀ ਕੈਦ ਨਾਲ ਸਜ਼ਾਯੋਗ ਨਹੀਂ ਹਨ;

(ii) ਭਾਰਤੀ ਦੰਡ ਸੰਘਤਾ (1860 ਦਾ 45) ਦੀ ਧਾਰਾ 379, ਧਾਰਾ 380 ਜਾਂ ਧਾਰਾ 381 ਅਧੀਨ ਚੋਰੀ, ਜਿੱਥੇ ਚੋਰੀ ਕੀਤੀ ਗਈ ਸੰਪੱਤੀ ਦਾ ਮੁੱਲ ਵੀਹ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ;

(iii) ਭਾਰਤੀ ਦੰਡ ਸੰਘਤਾ (1860 ਦਾ 45) ਦੀ ਧਾਰਾ 411 ਅਧੀਨ, ਚੋਰੀ ਕੀਤੀ ਗਈ ਸੰਪੱਤੀ ਨੂੰ ਪ੍ਰਾਪਤ ਕਰਨਾ ਜਾਂ ਰੱਖਣਾ, ਜਿੱਥੇ ਅਜਿਹੀ ਸੰਪੱਤੀ ਦਾ ਮੁੱਲ ਵੀਹ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ;

(iv) ਭਾਰਤੀ ਦੰਡ ਸੰਘਤਾ (1860 ਦਾ 45) ਦੀ ਧਾਰਾ 414 ਦੇ ਅਧੀਨ ਕੋਈ ਚੋਰੀ ਕੀਤੀ ਗਈ ਸੰਪੱਤੀ ਨੂੰ ਛੁਪਾਉਣ ਜਾਂ ਉਸ ਦਾ ਨਿਬੇੜਾ ਕਰਨ ਵਿੱਚ ਸਹਾਇਤਾ ਕਰਨਾ, ਜਿੱਥੇ ਅਜਿਹੀ ਸੰਪੱਤੀ ਦਾ ਮੁੱਲ ਵੀਹ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ;

(v) ਭਾਰਤੀ ਦੰਡ ਸੰਘਤਾ (1860 ਦਾ 45) ਦੀ ਧਾਰਾ 454 ਅਤੇ ਧਾਰਾ 456 ਅਧੀਨ ਅਪਰਾਧ;

(vi) ਭਾਰਤੀ ਦੰਡ ਸੰਘਤਾ (1860 ਦਾ 45) ਦੀ ਧਾਰਾ 504 ਦੇ ਅਧੀਨ ਸ਼ਾਂਤੀ ਭੰਗ ਕਰਵਾਉਣ ਦੇ ਇਰਾਦੇ ਨਾਲ ਭੜਕਾਉਣ ਲਈ ਅਪਮਾਨ ਅਤੇ ਧਾਰਾ 506 ਅਧੀਨ ਅਜਿਹੀ ਅਉਧ ਦੇ, ਜੋ ਦੋ ਸਾਲ ਤੱਕ ਹੋ ਸਕੇਗੀ, ਕੈਦ ਨਾਲ ਜਾਂ ਜੁਰਮਾਨੇ ਨਾਲ ਜਾਂ ਦੋਹਾਂ ਨਾਲ ਸਜ਼ਾਯੋਗ ਅਪਰਾਧਕ ਭੈਭੀਤਤਾ।

(vii) ਪੂਰਵਗਾਮੀ ਅਪਰਾਧਾਂ ਵਿੱਚੋਂ ਕਿਸੇ ਨੂੰ ਸ਼ਹਿ ਦੇਣਾ;

(viii) ਪੂਰਵਗਾਮੀ ਅਪਰਾਧਾਂ ਵਿੱਚੋਂ ਕੋਈ ਅਪਰਾਧ ਕਰਨ ਦਾ ਯਤਨ ਕਰਨਾ, ਜਦ ਅਜਿਹਾ ਯਤਨ ਅਪਰਾਧ ਹੋਵੇ।

## ਭਾਗ II

## ਹੋਰ ਕੇਂਦਰੀ ਐਕਟਾਂ ਅਧੀਨ ਅਪਰਾਧ ਅਤੇ ਰਾਹਤ

(i) ਅਜਿਹੇ ਕਿਸੇ ਕੰਮ ਦੁਆਰਾ ਗਠਤ ਕੋਈ ਅਪਰਾਧ ਜਿਸ ਦੇ ਬਾਰੇ ਵਿੱਚ ਪਸ਼ੂ-ਅਣਅਧਿਕਾਰਤ ਪ੍ਰਵੇਸ਼ ਐਕਟ, 1871 ਦੀ ਧਾਰਾ 20 ਅਧੀਨ ਸ਼ਿਕਾਇਤ ਕੀਤੀ ਜਾ ਸਕੇ;

1871 ਦਾ 1

| | | |
|---|---|---|
| 1936 ਦਾ 4 | (ii) | ਉਜਰਤ ਅਦਾਇਗੀ ਐਕਟ, 1936; |
| 1948 ਦਾ 11 | (iii) | ਘੱਟੋ ਘੱਟ ਉਜਰਤ ਐਕਟ, 1948; |
| 1955 ਦਾ 22 | (iv) | ਦੀਵਾਨੀ ਅਧਿਕਾਰਾਂ ਦੀ ਹਿਫ਼ਾਜ਼ਤ ਐਕਟ, 1955; |
| 1974 ਦਾ 2 | (v) | ਜ਼ਾਬਤਾ ਫੌਜ਼ਦਾਰੀ ਸੰਘਤਾ, 1973 ਦੇ ਅਧਿਆਏ ix ਅਧੀਨ ਪਤਨੀਆਂ, ਬੱਚਿਆਂ ਅਤੇ ਮਾਪਿਆਂ ਦੀ ਦੇਖ ਭਾਲ ਲਈ ਹੁਕਮ; |
| 1976 ਦਾ 19 | (vi) | ਬੰਧੂਆਂ ਮਜ਼ਦੂਰ ਪ੍ਰਣਾਲੀ (ਖ਼ਾਤਮਾ) ਐਕਟ, 1976 |
| 1976 ਦਾ 25 | (vii) | ਸਮਾਨ ਮਿਹਨਤਾਨਾ ਐਕਟ, 1976 |
| 2005 ਦਾ 43 | (viii) | ਘਰੇਲੂ ਹਿੰਸਾ ਤੋਂ ਇਸਤਰੀ ਹਿਫ਼ਾਜ਼ਤ ਐਕਟ, 2005. |

## ਭਾਗ III

## ਰਾਜ ਐਕਟਾਂ ਅਧੀਨ ਅਪਰਾਧ ਅਤੇ ਰਾਹਤ

(ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਜਾਣ ਵਾਲੇ)

## ਦੂਜੀ ਅਨੁਸੂਚੀ

**(ਵੇਖੋ ਧਾਰਾ 13 ਅਤੇ ਧਾਰਾ 14)**

**ਭਾਗ I**

ਗ੍ਰਾਮ ਨਿਆਂਲਿਆਂ ਦੀ ਅਧਿਕਾਰਤਾ ਅੰਦਰ ਦੀਵਾਨੀ ਪ੍ਰਕਿਰਤੀ ਦੇ ਦਾਵੇ

(i) ਦੀਵਾਨੀ ਝਗੜੇ :

(ੳ) ਸੰਪੱਤੀ ਖ਼ਰੀਦਣ ਦਾ ਅਧਿਕਾਰ;

(ਅ) ਆਮ ਚਰਗਾਹਾਂ ਦੀ ਵਰਤੋਂ;

(ੲ) ਸਿੰਜਾਈ ਚੈਨਲਾਂ ਤੋਂ ਪਾਣੀ ਲੈਣ ਦਾ ਵਿਨਿਯਮ ਅਤੇ ਸਮਾਂ।

(ii) ਸੰਪੱਤੀ ਝਗੜੇ :

(ੳ) ਪਿੰਡ ਅਤੇ ਫਾਰਮ ਘਰ (ਕਬਜਾ);

(ਅ) ਜਲ ਚੈਨਲਾਂ;

(ੲ) ਖੂਹ ਜਾਂ ਟਿਊਬਵੇਲ ਤੋਂ ਪਾਣੀ ਲੈਣ ਦਾ ਅਧਿਕਾਰ।

(iii) ਹੋਰ ਝਗੜੇ :

1936 ਦਾ 4 (ੳ) ਉਜਰਤ ਅਦਾਇਗੀ ਐਕਟ, 1936 ਅਧੀਨ ਕਲੇਮ;

1948 ਦਾ 11 (ਅ) ਘੱਟੋ ਘੱਟ ਉਜਰਤ ਐਕਟ 1948 ਅਧੀਨ ਕਲੇਮ;

(ੲ) ਵਪਾਰ ਸੌਦੇ ਜਾਂ ਸ਼ਾਹੂਕਾਰੀ ਤੋਂ ਪੈਦਾ ਹੋਏ ਧਨ ਸਬੰਧੀ ਦਾਵੇ;

(ਸ) ਜ਼ਮੀਨ ਦੀ ਵਾਹੀ ਵਿੱਚ ਭਾਈਵਾਲੀ ਤੋਂ ਪੈਦਾ ਹੋਏ ਝਗੜੇ;

(ਹ) ਗ੍ਰਾਮ ਪੰਚਾਇਤ ਦੇ ਵਾਸੀਆਂ ਦੁਆਰਾ ਜੰਗਲਾਤ ਉਤਪਾਦ ਦੀ ਵਰਤੋਂ ਬਾਬਤ ਝਗੜੇ।

**ਭਾਗ II**

ਕੇਂਦਰੀ ਸਰਕਾਰ ਦੁਆਰਾ ਧਾਰਾ 14 ਦੀ ਉਪ-ਧਾਰਾ (1) ਅਧੀਨ ਅਧਿਸੂਚਿਤ ਕੇਂਦਰੀ ਐਕਟਾਂ ਅਧੀਨ ਅਧਿਸੂਚਿਤ ਕੇਂਦਰੀ ਐਕਟਾਂ ਅਧੀਨ ਕਲੇਮ ਅਤੇ ਝਗੜੇ।

(ਕੇਂਦਰ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਜਾਣ ਵਾਲੇ)

**ਭਾਗ III**

ਰਾਜ ਸਰਕਾਰ ਦੁਆਰਾ ਧਾਰਾ 14 ਦੀ ਉਪ-ਧਾਰਾ (3) ਅਧੀਨ ਅਧਿਸੂਚਿਤ ਰਾਜ ਐਕਟਾਂ ਅਧੀਨ ਕਲੇਮ ਅਤੇ ਝਗੜੇ।

(ਰਾਜ ਸਰਕਾਰ ਦੁਆਰ ਅਧਿਸੂਚਿਤ ਕੀਤੇ ਜਾਣ ਵਾਲੇ)

ਜੀ. ਨਾਰਾਇਣ ਰਾਜੂ
ਸਕੱਤਰ, ਭਾਰਤ ਸਰਕਾਰ।

Secretary to the Government of India.